੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Sri Satguru Partap Singh Ji



ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ

# ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਸਭ ਨੂੰ ਵਧਾਈ ਹੋਵੇ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

# ਸ਼ਹਿਨ ਸ਼ਾਹ ਸਤਿਗੁਰੂ ਪਰਤਾਪ ਸਿੰਘ ਜੀ

ਸ਼ਹਿਨ ਸ਼ਾਹ ਸਤਿਗੁਰੂ ਪਰਤਾਪ ਸਿੰਘ ਜੀ ਜਸ ਕਿਸ ਤਰਾਂ ਕਰਾਂ ਬਿਆਨ ਤੇਰਾ
ਜਾਨਣਹਾਰ ਤੂੰ ਘਟ ਘਟ ਦੀ ਜਾਣਦਾ ਸੈਂ, ਹੋਇਆ ਸਚ ਹੈ ਰਬੀ ਫੁਰਮਾਨ ਤੇਰਾ
ਅਮਨ ਏਕਤਾ ਲਈ ਭਾਰਤ ਵਰਸ਼ ਸਾਰਾ, ਭੁਲ ਸਕਦਾ ਨਹੀਂ ਅਹਿਸਾਨ ਤੇਰਾ
ਬੂਹਾ ਰਹਿਮਤਾਂ ਦਾ ਸਦਾ ਰਹੇ ਖੁਲਾ, ਪਰਲੋ ਤੀਕ ਰਹੈ ਝੂਲਦਾ ਨਿਸ਼ਾਨ ਤੇਰਾ

ਪੜ੍ਹ ਕੇ ਭਿੰਨ ਸੁਨਹਿਰੀ ਇਤਿਹਾਸ ਵਿਚੋਂ, ਹਰ ਪਖ ਤੇਰਾ ਜੇਤੂ ਜਗਦਾ ਏ
ਤੇਰਾ ਦਰ ਦਰਯਾ ਦਿਆਲਤਾ ਦਾ, ਸੋਮਾ ਆਬੇ ਹਯਾਤ ਦਾ ਝਰਦਾ ਏ
ਸਿਖ ਕੌਮ ਉਸਾਰੂ ਉਦੇਸ਼ ਤੇਰਾ, ਤੇਰੇ ਪ੍ਰੇਮ ਸਮੇਲਨ ਚੋਂ ਲਭਦਾ ਏ
ਲਾਈ ਮਲ੍ਹਮ ਤੂੰ ਸਦਾ ਮਿਲਾਪ ਵਾਲੀ ਕੀਤਾ ਪਤਨ ਜਿਸ ਈਰਖਾ ਅਗਦਾ ਏ

ਮਸਤੀ ਨੈਣਾਂ ਚੋਂ ਸਾਕੀ ਵਰਤਾਈ ਏਨੀ, ਹੁੰਦੀ ਮਿਹਰ ਦੀ ਸਦਾ ਬਰਸਾਤ ਵੇਖੀ
ਦੌਲਤ ਦਿਲਬਰੀ ਦੀ ਦਿਲਦਾਰ ਵੰਡੀ, ਮੂਹੋਂ ਜਿਸ ਮੰਗੀ ਮਿਲੀ ਦਾਤ ਵੇਖੀ
ਮਿਹਰਬਾਨ ਮਹਿਬੂਬ ਦੇ ਦਰ ਆ ਕੇ, ਜੀਵਨ ਜਾਚ ਤੇ ਮਿਲਦੀ ਨਜਾਤ ਵੇਖੀ
ਗ਼ਰੀਬ ਨਵਾਜ਼ ਗ਼ਰੀਬ ਨਿਵਾਜਦਾ ਸੀ, ਦੀਨਾ ਨਾਥ ਨ ਜਾਤ ਕੁਜਾਤ ਵੇਖੀ

ਤੇਰੇ ਚਰਨਾਂ ਦੀ ਧੂੜ ਨੂੰ ਤਰਸਦੇ ਨੇ, ਕੀਤਾ ਇਕਵਾਰ ਜਿਨ੍ਹਾਂ ਦੀਦਾਰ ਤੇਰਾ
ਲਖੀ ਜਾਵੇ ਨਾ ਮਹਿਮਾ ਅਲਖ ਤੇਰੀ, ਨ ਕੋਈ ਪਾ ਸਕਿਆ ਪਾਰਾਵਾਰ ਤੇਰਾ
ਐਸੇ ਪੰਧ ਅਨੋਖੇ ਦਾ ਤੂੰ ਪਾਂਧੀ ਮਾਰਗ ਸਚ ਦਾ ਉਚ ਕਿਰਦਾਰ ਤੇਰਾ
ਨਿਰਧਨ ਅਜ ਮਾਲਕ ਸਰੱਬਿਆਂ ਦੇ ਪਰਵਦਗਾਰ ਅਪਾਰ ਉਪਕਾਰ ਤੇਰਾ

ਦਾਤਾ ਨਿਜਪਤ ਉਹਨੂੰ ਜਹਾਨ ਆਖੇ, ਪਤ ਪਾਲਣ ਦੀ ਜਿਸ ਨੂੰ ਤਰਕੀਬ ਹੋਵੇ
ਵਡ ਪਰਤਾਪੀ ਦੇ ਦਿਲ ਦੀ ਗੱਲ ਸੀ ਇਹ, ਮੇਰਾ ਸਿਖ ਨ ਕੋਈ ਗ਼ਰੀਬ ਹੋਵੇ
ਹਉਮੈ ਰੋਗ ਨਾ ਸੋਗ ਸੰਤਾਪ ਛੋਹੇ, ਦਾਰੂ ਦੇ ਸੁਜਾਨ ਤਬੀਬ ਹੋਵੇ
"ਮੁਕਤਾ" ਪਾਪ ਸਰਾਪ ਸਭ ਦੂਰ ਹੋਵਣ, ਸੂਰਜ ਸੱਚ ਦਾ ਜਿਦੇ ਕਰੀਬ ਹੋਵੇ

ਸੰਤ ਜੁਗਿੰਦਰ ਸਿੰਘ ਜੀ
"ਮੁਕਤਾ"

Sri Satguru Jagjit Singh Ji Elibrary NamdhariElibrary@gmail.com

੧ਓ

NO. 2.
DATE

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਫੌਜ ਵਿਚ ਰਹਿ ਕੇ ਕੌਮ ਦੀ ਗਿਰਾਵਟ ਅਤੇ ਸਿਖੀ ਦੀ ਦੁਰਦਸ਼ਾ ਵੇਖ ਚੁਕੇ ਸਨ। ਸਿਖ ਰਾਜਸੀ ਤੌਰ ਤੇ ਅੰਗ੍ਰੇਜ਼ਾਂ ਦੇ ਅਧੀਨ ਹੋਣ ਦੇ ਨਾਲ ਨਾਲ ਆਤਮਕ ਅਤੇ ਮਾਨਸਿਕ ਤੌਰ ਤੇ ਵੀ ਗੁਲਾਮ ਹੋ ਚੁਕੇ ਸਨ. ਵਹਿਮਾਂ, ਭਰਮਾਂ ਅਤੇ ਕੁਰੀਤੀਆਂ ਵਿਚ ਫਸ ਚੁਕੇ ਸਨ। ਇਸਨਾਨ ਪਾਣੀ, ਭਜਨ ਬਾਣੀ ਅਤੇ ਸੇਵਾ ਕਰਨੀ ਸਭ ਤਿਆਗ ਬੈਠੇ ਸਨ। ਇਥੋਂ ਤਕ ਕਿ ਕਛਹਿਰੇ ਵੀ ਤਿਆਗ ਬੈਠੇ ਸਨ, ਧੋਤੀਆਂ ਤੰਬੇ ਗਰਾਰੇ ਅਤੇ ਲੰਮੇ ਲੰਮੇ ਤਹਿਮਤ ਬੰਨ੍ਹ ਬੈਠੇ ਸਨ। ਮਾਸ ਖਾਣ ਅਤੇ ਸ਼ਰਾਬ ਪੀਣ ਵੀ ਲਗ ਪਏ ਸਨ

ਜਦੋਂ ਸਿਖੀ ਦੀ ਇਹ ਹਾਲਤ ਹੋ ਗਈ ਤਾਂ ਅਕਾਲ ਪੁਰਖ ਦੇ ਮਨ ਵਿਚ ਦਇਆ ਆਈ ਅਤੇ

# ਪੰਥ ਖਾਲਸਾ ਖੇਤੀ ਮੇਰੀ
# ਕਰਹੌਂ ਸੰਭਾਲਨ ਮੈਂ ਤਿਸ ਕੇਰੀ

ਦੀ ਪ੍ਰਤਿਗਯਾ ਅਨੁਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਿਕਰਮੀ ਸੰਮਤ ੧੯੧੪ ਦੀ ਵੈਸਾਖੀ (13 ਅਪ੍ਰੈਲ 1857) ਵਾਲੇ ਦਿਨ ਸ੍ਰੀ ਭੈਣੀ ਸਾਹਿਬ ਵਿਚ ਖੰਡੇ ਦਾ ਅੰਮ੍ਰਿਤ ਤਿਆਰ ਕਰ ਕੇ ਪੰਜਾਂ ਸਿਖਾਂ ਨੂੰ ਛਕਾ ਕੇ ਸਿਖੀ ਸੁਧਾਰ ਦਾ ਮੁੱਢ ਬੰਨ੍ਹਿਆ ਅਤੇ ਸਫੈਦ ਝੰਡਾ ਲਹਿਰਾਇਆ। ਇਸ ਨਵੇਂ ਸਿਰੇ ਸਾਜੇ ਹੋਇ ਖਾਲਸੇ ਦਾ ਨਾਮ **ਸੰਤ ਖਾਲਸਾ** ਰਖਿਆ

ਸਤਿਗੁਰ ਜੀ ਜਾਣਦੇ ਸਨ ਕਿ ਜਿੰਨਾ ਚਿਰ ਮਨੁਖ ਨਾਮ ਜਪ ਕੇ ਅਤੇ ਬਾਣੀ ਪੜ੍ਹ ਕੇ ਅਪਣਾ ਚਰਿਤ੍ਰ ਸ਼ੁਧ ਨਹੀਂ ਕਰ ਲੈਂਦਾ ਅਤੇ ਅਪਣੀ ਆਤਮਾ ਪ੍ਰਬਲ ਨਹੀਂ ਲੈਂਦਾ ਉਨਾਂ ਚਿਰ ਉਹ ਅਪਣੇ ਦੇਸ਼, ਕੌਮ ਜਾਂ ਧਰਮ ਦਾ ਕੋਈ ਵੀ ਕੰਮ ਨਹੀਂ ਸਵਾਰ ਸਕਦਾ। ਸਤਿਗੁਰ ਜੀ ਨੇ ਸਭ ਤੋਂ ਪਹਿਲਾਂ ਸਿਖਾਂ ਵਿਚ ਧਰਮ ਦ੍ਰਿੜ੍ਹ ਕਰਨ ਲਈ ਸਿਖਾਂ ਨੂੰ ਹਰ ਰੋਜ਼ ਨਾਮ ਜਪਣ ਅਤੇ ਬਾਣੀ ਪੜ੍ਹਨ ਦਾ ਤਾਕੀਦੀ ਹੁਕਮ ਕੀਤਾ

ਸਮਾਜ ਸੁਧਾਰ ਵਾਸਤੇ ਜਿਥੇ ਹੋਰ ਬੜਾ ਕੁਝ ਕੀਤਾ ਉਥੇ ਇਸਤਰੀ ਜਾਤੀ ਦੀ ਦੁਰਦਸ਼ਾ ਨੂੰ ਅਨੁਭਵ ਕਰਕੇ ਹੁਕਮ ਕੀਤਾ ਕਿ ਕੋਈ ਵੀ ਲੜਕੀ ਨ ਮਾਰੇ, ਕੋਈ ਵੀ ਲੜਕੀ ਨ ਵੇਚੇ, ਕੋਈ ਵੀ ਵਟਾ ਨ ਕਰੇ, ਅਤੇ ਨਾ ਹੀ ਕੋਈ ਬਾਲ ਵਿਵਾਹ ਕਰੇ। ਵਿਧਵਾ ਵਿਵਾਹ ਦੀ ਪ੍ਰਵਾਨਗੀ ਦੇ ਕੇ ਸਮਾਜ ਦੇ ਇਸ ਕਲੰਕ ਨੂੰ ਦੂਰ ਕੀਤਾ। ਇਸਤਰੀਆਂ ਨੂੰ ਵੀ ਅੰਮ੍ਰਿਤ ਛਕਣ ਅਤੇ ਕਛਹਿਰੇ ਪਾਉਣ ਦਾ ਹੁਕਮ ਕੀਤਾ, ਖਰਚੀਲੀਆਂ ਰਸਮਾਂ ਤੋਂ ਬਚਣ ਲਈ ਅਨੰਦ ਕਾਰਜ ਦੀ ਸਾਦਾ ਰਸਮ ਚਾਲੂ ਕੀਤੀ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਦੀ ਸਖਸੀਅਤ ਵਿਚ ਕੋਈ ਚਮਤਕਾਰ (ਅੰਸ਼) ਸੀ ਕਿ ਜੋ ਵੀ ਉਪਦੇਸ਼ ਸੁਣਦਾ, ਆਪ ਜੀ ਦਾ ਅਨੁਯਾਈ ਹੋ ਜਾਂਦਾ। ਆਪ ਜੀ ਦੇ ਪਰਚਾਰ ਦਾ ਇਹ ਅਸਰ ਹੋਇਆ ਕਿ ਜਿਥੇ ਭੁਲੇ ਭਟਕੇ ਲਖਾਂ ਸਿਖਾਂ ਨੇ ਗੁਰਸਿਖੀ ਮੁੜ ਧਾਰਨ ਕਰ ਲਈ, ਉਥੇ ਘਣੇ ਹੀ ਸਹਿਜ ਧਾਰੀ ਵੀਰਾਂ ਅਤੇ ਕਈ ਮੁਸਲਮਾਨ ਭਰਾਵਾਂ ਨੇ ਵੀ ਕੇਸ ਰਖ ਅਤੇ ਅੰਮ੍ਰਿਤ ਛਕ ਕੇ ਸਿਖੀ ਧਾਰਨ ਕਰ ਲਈ। ਗਿਆਨੀ ਗਿਆਨ ਸਿੰਘ ਜੀ ਇਸ ਤਰ੍ਹਾਂ ਲਿਖਦੇ ਹਨ

**ਹੁੱਕੇ ਛੁਡਵਾਏ, ਰਖਵਾਏ ਕੇਸ ਮੋਨਯੋਂ ਕੇ,**
**ਸੁਧਾ ਛਕਿ ਥਾਏ ਸਿਖ, ਭਾਗ ਜਿਨੈਂ ਜਾਗਿਓ।**
**ਫੈਲਯੋ ਜਸ ਭਾਰੀ, ਸਿੱਖ ਥੀਏ ਤਾਂਹਿ ਕੇ ਅਪਾਰੀ**
**ਸਿੰਘ ਪੰਥ ਥਿਰਧਾਇਓ, ਨਾਮ ਰਸ ਪਾਗਿਓ।**
**ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ, ਯਾਰੀ,**
**ਠੱਗੀ, ਤਜਿ ਥੀਏ ਸੰਤ, ਸਤਿਜੁਗ ਆ ਗਿਓ।**

ਆਪ ਜੀ ਨੇ ਸਾਰੀਆਂ ਬੁਰਿਆਈਆਂ ਦੀ ਜੜ੍ਹ ਗੁਲਾਮੀ ਦਸ ਕੇ ਇਸ ਤੋਂ ਛੁਟਕਾਰਾ ਪਾਉਣ ਲਈ ਹਰ ਮੁਮਕਨ ਹੀਲਾ ਕੀਤਾ। ਇਕ ਸਾਂਵੀ ਹਕੂਮਤ (PARALLEL Govt.) ਚਲਾਈ। ਦੇਸ਼ ਦੇ ਸਰਮਾਏ ਨੂੰ ਵਲਾਇਤ ਜਾਂਦਾ ਤਕ ਕੇ ਆਪ ਜੀ ਨੇ ਬਿਦੇਸ਼ੀ ਚੀਜ਼ਾਂ ਦਾ ਬਾਈਕਾਟ ਕਰ ਕੇ ਸਵਦੇਸ਼ੀ ਚੀਜ਼ਾਂ ਦੇ ਵਰਤਣ ਦਾ ਪਰਚਾਰ ਕੀਤਾ। ਆਪ ਜੀ ਦਾ ਵਧਦਾ ਪ੍ਰਤਾਪ ਅਤੇ ਆਪ ਜੀ ਦੇ ਸਿਖਾਂ ਦੀ ਵਧਦੀ ਗਿਣਤੀ ਵੇਖ ਕੇ ਅੰਗ੍ਰੇਜ਼ਾਂ ਨੂੰ ਅਪਣੇ ਰਾਜ ਦਾ ਖਤਰਾ ਪੈ ਗਿਆ। ਸਰਕਾਰ ਨੇ ਆਪ ਤੇ ਪਾਬੰਦੀਆਂ ਲਾ ਦਿੱਤੀਆਂ। ਆਪ ਜੀ ਨੇ ਸਰਕਾਰੀ ਪਾਬੰਦੀਆਂ ਦੀ ਪਰਵਾਹ ਨ ਕਰਦਿਆਂ ਹੋਇਆਂ, ਸਤਿਆ ਗ੍ਰਹਿ ਦੇ ਤੌਰ ਤੇ ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਅੰਮ੍ਰਿਤਸਰ ਮੇਲੇ ਕੀਤੇ। ਭਾਰਤ ਦੇ ਅਸਲੀ ਸਰਮਾਏ ਗਊ ਮਾਤਾ ਦੀ ਹਤਿਆ ਨ ਸਹਾਰਦਿਆਂ ਹੋਇਆਂ ਆਪ ਜੀ ਦੇ ਸਿਖਾਂ ਨੇ ਅੰਗ੍ਰੇਜ਼ਾਂ ਨੂੰ ਝੂਠਾ ਕਰਕੇ, ਅੰਗ੍ਰੇਜ਼ੀ ਰਾਜ ਨੂੰ ਫਿਟਕਾਰਦਿਆਂ ਹੋਇਆਂ ਮੌਤ ਰਾਣੀ ਨੂੰ ਖੁਸ਼ੀ ਖੁਸ਼ੀ ਗਲਵਕੜੀਆਂ ਪਾਈਆਂ। ਅਖੀਰ ਅਪਣੀ ਰਜ਼ਾ ਅਨੁਸਾਰ ਆਪ ਵੀ ਅੰਗ੍ਰੇਜ਼ੀ ਸਰਕਾਰ ਦੇ ਬਹਾਨੇ ਪ੍ਰਦੇਸ਼ ਚਲੇ ਗਏ। ਜਾਂਦਿਆਂ ਹੋਇਆਂ ਆਪ ਜੀ ਨੇ ਕੁਝ ਇਹੋ ਜਿਹੇ ਸ਼ਬਦ ਆਖੇ ਸਨ :-

NO. ______
DATE ______

ਮੈਂ ਇਸੇ ਦੇਹ ਵਿਚ ਵਾਪਸ ਜ਼ਰੂਰ ਆਵਾਂਗਾ । ਸੂਰਜ ਭਾਵੇਂ ਲਹਿੰਦੇ ਵਲੋਂ ਚੜ੍ਹਨ ਲਗ ਪਵੇ ਪਰ ਇਹ ਕਦੀ ਹੋ ਨਹੀਂ ਸਕਦਾ ਕਿ ਮੈਂ ਨ ਆਵਾਂ ਅੰਗ੍ਰੇਜ਼ ਮੇਰੀ ਬਾਬਤ ਮਰ ਗਿਆ ਆਖਣਗੇ ਪਰ ਤੁਸਾਂ ਇਤਬਾਰ ਨਹੀਂ ਕਰਨਾ ਇਤਿਆਦਿ

ਸੰਤ ਇੰਦ੍ਰ ਸਿੰਘ ਜੀ ਲਿਖਦੇ ਹਨ

**ਜਾਂ ਕਹੁ ਸਾਡੇ ਸਜਣਾਂ ਤਾਈਂ, ਨ ਥਿੜਕਣ ਨ ਡੋਲਣ,**
**ਹੁਕਮ ਅੰਦਰ ਸਭ ਕਾਰ ਹੋ ਰਹੀ, ਨੈਣ ਅੰਦਰ ਲੇ ਖੋਲਣ,**
**ਜਦ ਤਕ ਧਰਮ ਧੁਜਾ ਹੋ ਉਚੀ ਧਰ ਤੇ ਨ ਲਹਿਰਾਸੀ।**
**ਭੁਲ ਕੇ, ਖਾ ਭੁਲੇਖਾ, ਕੋਈ, ਗਿਆ ਨ ਮੂਹੋਂ ਬੋਲਣ,**

ਕਾਲਦਰਸੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਾਣਦੇ ਸਨ ਕਿ ਅਸਾਂ ਗੁਪਤ ਖੇਡ ਬਹੁਤ ਚਿਰ ਤਕ ਖੇਡਣੀ ਹੈ ਅਤੇ ਦੂਜੇ ਪਾਸੇ ਸੰਗਤ ਨੂੰ ਵੀ ਦੇਹਧਾਰੀ ਗੁਰੂ ਦੀ ਲੋੜ ਹੈ, ਇਸ ਲਈ ਉਨ੍ਹਾਂ ਰੰਗੂਨ ਤੋਂ ਭੇਜੇ ਹੋਏ ਸਭ ਤੋਂ ਪਹਿਲੇ ਹੁਕਮ ਨਾਮੇ ਵਿਚ ਲਿਖ ਭੇਜਿਆ

**ਅਜ ਤੋਂ ਭਾਈ ਬੁਧ ਸਿੰਘ ਜੀ ਦਾ ਨਾਉਂ ਹਰੀ ਸਿੰਘ ਹੋਇਆ, ਇਹ ਸਿਖੀ ਨੂੰ ਹਰੀ ਰਖਣਗੇ, ਇਨ੍ਹਾਂ ਨੂੰ ਸਿਰ ਕਰਤਾ ਮੰਨਣਾ, ਮੇਰੇ ਧੱਕੇ ਨੂੰ ਇਹ ਬਖਸ਼ ਸਕਦੇ ਹਨ, ਪਰ ਇਨ੍ਹਾਂ ਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ**

ਇਕ ਕਵੀ ਲਿਖਦਾ ਹੈ

ਜਾ ਕੇ ਦੇਣੀ ਪੰਥ ਨੂੰ, ਸਾਡੀ ਇਹ ਅਰਦਾਸ । ਦਰਸ਼ਨ ਇਕ ਦਿਨ ਹੋਵਣਗੇ, ਹੋਣ ਨਹੀਂ ਉਦਾਸ ।
ਬੁਧ ਸਿੰਘ ਜੀ ਦਾ ਅਜ ਤੋਂ, ਹਰੀ ਸਿੰਘ ਹੈ ਨਾਮ । ਮੰਨੋ ਸਾਡੇ ਥਾਂ ਹੁਣ, ਉਹਨਾਂ ਨੂੰ ਪੰਥ ਤਮਾਮ ।
ਦਿਲ ਵਿਚ ਵਸੇ ਉਹਨਾਂ ਦੇ ਧਰਮ ਨੇਮ ਕੀ ਸੰਥ। ਉਹ ਸਿਖੀ ਰਖਣ ਹਰੀ, ਹਰਾ ਭਰਾ ਰਹੇ ਪੰਥ ।
ਮੇਰਾ ਕੋਈ ਧਿਰਕਾਰਿਆ, ਬਖਸ਼ਣ ਕਿਰਪਾਧਾਰ। ਉਹ ਜਿਸ ਨੂੰ ਧਿਰਕਾਰ ਦੇਨ, ਕੋਈ ਨ ਬਖਸ਼ਣਹਾਰ,

NO.
DATE

ਤ ਰੂਪੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਵਾਗਤੇ, ਰਾਮ ਰੂਪੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਵਿਛੋੜਾ ਤਾਂ ਵੇ ਅਸਹਿ ਸੀ ਪਰ ਹੁਕਮ ਅਗੇ ਸਿਰ ਝੁਕਾਂਦਿਆਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਸਿਖੀ ਰੂਪ ਫੁਲਵਾੜੀ ਨੂੰ ਹਰੀ ਰਖਿਆ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਇਕ ਜੇਲ ਦੀ ਸ਼ਕਲ ਵਾਂਗ ਹੋ ਗਿਆ। ਪੁਲਿਸ ਦੇ ਡੇਰੇ ਰਹਿ ਰਹਿ ਕੇ ਉਹ ਲਾਏ ਜਾਂਦੇ ਜਿਹੜੇ ਅਵਲ ਦਰਜੇ ਦੇ ਨਿਰਦਈ ਸੁਭਾ ਦੇ ਸਨ। ਸਤਿਗੁਰੂ ਜੀ ਦੇ ਦਰਸ਼ਨ ਕਰਨ ਉਤੇ ਪਾਬੰਦੀ ਸੀ, ਪੰਜ ਸਿਖਾਂ ਤੋਂ ਵਧ ਅੰਦਰ ਨਹੀਂ ਸਨ ਜਾ ਸਕਦੇ। ਅੰਦਰ ਜਾਣ ਵਾਲਿਆਂ ਦੇ ਨਾਮ, ਗ੍ਰਾਮ ਲਿਖ ਕੇ ਤਲਾਸ਼ੀ ਲੈ ਕੇ ਅੰਦਰ ਜਾਣ ਦਿੱਤਾ ਜਾਂਦਾ ਸੀ, ਅਨੰਦ ਕਾਰਜ ਅਖੰਡ ਪਾਠ ਕਰਨ ਤੇ ਵੀ ਪਾਬੰਦੀ ਸੀ। ਰਾਜੇ, ਸਰਦਾਰ ਚੌਧਰੀ, ਜੈਲਦਾਰ, ਨੰਬਰਦਾਰ ਮੋਦੀ, ਬੇਦੀ, ਡੇਰਿਆਂ ਦੇ ਮਹੰਤ ਬ੍ਰਾਹਮਣ ਸਭ ਨਾਮਧਾਰੀਆਂ ਦੇ ਖਿਲਾਫ਼ ਸਨ

ਇਨੀਆਂ ਜ਼ੁਲਮ ਦੀਆਂ ਹਨੇਰੀਆਂ ਝੁਲਨ ਦੇ ਬਾਵਜੂਦ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਹੌਸਲਾ ਨ ਹਾਰਿਆ ਸਗੋਂ ਸਬਰ ਅਤੇ ਸੰਤੋਖ ਦੀ ਕਰੀ ਫੜ ਕੇ ਮੁਕਾਬਲਾ ਕੀਤਾ ਅਤੇ ਅਤਿ ਸੰਕਟ ਦੇ ਸਮੇਂ ਵੀ ਲੰਗਰ ਜਾਰੀ ਰਖਿਆ



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਤੋਂ ਪਹਿਲਾਂ ਦੀ ਗਲ ਹੈ ਕਿ ਇਕ ਦਿਨ ਗੜ੍ਹੀ ਵਾਲੇ ਸੰਤ ਕਾਨ੍ਹ ਸਿੰਘ ਜੀ ਨੇ ਹੱਥ ਜੋੜ ਬੇਨਤੀ ਕੀਤੀ ਕਿ ਸਚੇ ਪਾਤਸ਼ਾਹ ਜੀ ਤੁਸੀ ਆਖਦੇ ਹੋ ਕਿ ਅਸਾਂ ਪਦੇਸ ਜਾਣਾ ਹੈ। ਜੇ ਆਪ ਸਚ ਮੁਚ ਹੀ ਚਲੇ ਗਏ ਤਾਂ ਬਾਬਾ ਜੱਸਾ ਸਿੰਘ ਜੀ ਦੀ ਪੋਤ੍ਰਿਆਂ ਵਾਲੀ ਮੰਗ ਕਿਸ ਤਰ੍ਹਾਂ ਪੂਰੀ ਹੋਵੇਗੀ? ਸੱਚੇ ਪਾਤਸ਼ਾਹ ਜੀ ਪੁਤੀਂ ਗੰਢੁ ਪਵੈ ਸੰਸਾਰਿ ਅਨੁਸਾਰ ਜਿਥੇ ਪੁਤ੍ਰ ਦੀ ਬੜੀ ਲੋੜ ਹੁੰਦੀ ਹੈ ਉਥੇ ਪੋਤਾ ਵੇਖਣ ਦੀ ਰੀਝ ਘਟ ਨਹੀਂ ਹੁੰਦੀ ਬਾਬਾ ਜੀ ਪੋਤ੍ਰਾ ਵੇਖਣ ਦੇ ਬੜੇ ਚਾਹਵਾਨ ਹਨ। ਆਪ ਜੀ ਦਾ ਬਚਨ ਵੀ ਹੋ ਗਿਆ ਹੈ ਕਿ ਪੋਤ੍ਰਾ ਹੋਵੇਗਾ ਪਰ ਬਾਬਾ ਜੀ ਨੂੰ ਵੇਖਣਾ ਨਸੀਬ ਨਹੀਂ ਹੋਣਾ।

ਸਚੇ ਪਾਤਸ਼ਾਹ ਜੀ, ਆਪ ਜੀ ਬਚਨ ਅਨੁਸਾਰ ਜੇ ਉਹ ਆਪ ਨਹੀਂ ਵੇਖ ਸਕਣਗੇ ਤਾਂ ਦੁਨੀਆਂ ਤਾਂ ਵੇਖ ਸਕੇਗੀ। ਬਾਬਾ ਜੀ ਦਾ ਨਾਉਂ ਤਾਂ ਅਮਰ ਰਹੇਗਾ। ਪਰ ਹੁਣ ਤਾਂ ਗਲ ਹੀ ਹੋਰ ਜਾਪਦੀ ਏ। ਇਕ ਪਾਸੇ ਤੁਸੀਂ ਪ੍ਰਦੇਸ ਜਾਣ ਦੀ ਇੱਛਾ ਰਖਦੇ ਹੋ ਅਤੇ ਦੂਜੇ ਪਾਸੇ ਤੁਹਾਡੇ ਛੋਟੇ ਵੀਰ ਭਾਈ ਬੁਧ ਸਿੰਘ ਜੀ ਦੇ ਮਹਿਲ ਮਾਤਾ ਸਾਹਿਬੋਂ ਜੀ ਅਕਸਰ ਬੀਮਾਰ ਰਹਿੰਦੇ ਹਨ, ਬੱਚਾ ਹੋਣ ਦੀ ਕੋਈ ਆਸ ਹੀ ਨਹੀਂ। ਹੁਣ ਆਪ ਹੀ ਦਸੋ ਕਿ ਬਾਬਾ ਜੀ ਦੀ ਪੋਤ੍ਰੇ ਵਾਲੀ ਮੰਗ ਦਾ ਕੀ ਬਣੇਗਾ?

ਇਹ ਸੁਣਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਨਾ ਭਾਈ, ਸੋਚਣ ਦੀ ਲੋੜ ਨਹੀਂ

# ਪਰਤਾਪ ਸਿੰਘ ਵਡੇ ਪਰਤਾਪ ਵਾਲਾ ਹੋਵੇਗਾ"

ਸ੍ਰੀ ਆਦਿ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ

ਰਾਜ ਬਿਨਾਸੀ, ਤਾਮ ਬਿਨਾਸੀ, ਸਾਤਕੁ ਭੀ ਬੇਨਾਸਾ।
ਦ੍ਰਿਸਟਮਾਨ ਹੈ ਸਗਲ ਬਿਨਾਸੀ, ਇਕ ਸਾਧ ਬਚਨ ਅਟਲਾਧਾ।

ਇਥੇ ਤਾਂ ਇਕ ਸਾਧ ਬਚਨ ਬਾਰੇ ਲਿਖਿਆ ਹੈ ਕਿ ਦੁਨੀਆ ਭਾਵੇਂ ਤਬਾਹ ਹੋ ਜਾਵੇ ਪਰ ਇਹ ਕਦੀ ਹੋ ਨਹੀਂ ਹੋ ਸਕਦਾ ਕਿ ਸਾਧ ਦਾ ਬਚਨ ਪੂਰਾ ਨ ਹੋਵੇ। ਜਦ ਇਕ ਸਾਧ ਦਾ ਬਚਨ ਅਵੱਸ਼ ਹੀ ਪੂਰਾ ਹੁੰਦਾ ਹੈ ਤਾਂ ਸਾਧਾਂ ਦੇ ਬਣਾਉਣ ਵਾਲੇ ਦਾ ਬਚਨ ਕਿਉਂ ਨ ਪੂਰਾ ਹੁੰਦਾ?

ਸ੍ਰੀ ਸਤਿਗੁਰ ਜੀ ਦੇ ਪ੍ਰਦੇਸ ਚਲੇ ਜਾਣ ਪਿਛੋਂ ਮਾਤਾ ਸਾਹਿਬੋ ਜੀ ਚੜ੍ਹਾਈ ਕਰ ਗਏ ਅਤੇ ਕੁਝ ਚਿਰ ਪਿਛੋਂ ਬਾਬਾ ਖੁਸ਼ਹਾਲ ਸਿੰਘ ਜੀ ਦੀਆਂ ਦੋ ਸਪੁਤ੍ਰੀਆਂ ਜੀਵਨ ਕੌਰ ਅਤੇ ਫਤਹ ਕੌਰ (ਮਾਤਾ ਜੀਵਨ ਕੌਰ ਅਤੇ ਮਾਤਾ ਫਤਹ ਕੌਰ ਜੀ) ਨੂੰ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਮਹਿਲ ਬਣਨ ਦਾ ਮਾਨ ਪ੍ਰਾਪਤ ਹੋਇਆ

ਸੰਮਤ ਬਿਕਰਮੀ ੧੯੪੬ (ਸੰਨ 1890) ਚੇਤ ਵਦੀ ਤੀਜ ਐਤਵਾਰ ਦਾ ਉਹ ਸੁਭਾਗਾ ਦਿਹਾੜਾ ਆਇਆ ਜਦੋਂ ਸ੍ਰੀ ਗੁਰੂ ਹਰੀ ਸਿੰਘ ਅਤੇ ਸ੍ਰੀ ਮਾਤਾ ਜੀਵਨ ਕੌਰ ਜੀ ਦੇ ਗ੍ਰਿਹ ਵਿਖੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਪ੍ਰਾਦੁਰਭਾਵ ਹੋਇਆ

ਸਾਹਿਬਜ਼ਾਦੇ ਦੇ ਪ੍ਰਗਟ ਹੋਣ ਦੀ ਖਬਰ ਸੁਣ ਕੇ ਸੰਗਤ ਬੜੀ ਖੁਸ਼ ਹੋਈ / ਸਾਰੇ ਸ੍ਰੀ ਭੈਣੀ ਸਾਹਿਬ ਵਿਚ ਵਧਾਈ, ਵਧਾਈ ਹੋਣ ਲਗੀ, ਵਧਾਈ ਦੇਣ ਵਾਸਤੇ ਇੰਦ੍ਰ ਦੇਵਤਾ ਜੀ ਵੀ ਆ ਹਾਜ਼ਰ ਹੋਏ, ਫੁਲਾਂ ਵਾਂਗੂ ਮੀਂਹ ਦੀ ਮਿਠੀ ਮਿਠੀ ਫੁਹਾਰ ਸ਼ੁਰੂ ਕਰ ਦਿੱਤੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਵਨ ਪਿਛੋਂ ਇਹ ਪਹਿਲਾ ਮੌਕਾ ਸੀ ਕਿ ਸਾਹਿਬਜ਼ਾਦੇ ਦੇ ਪਰਗਟ ਹੋਣ ਦੀ ਖਬਰ ਸੁਣ ਕੇ ਹਰ ਵਕਤ ਗ਼ਮਗੀਨ ਰਹਿਣ ਵਾਲੇ ਸ੍ਰੀ ਗੁਰੂ ਹਰੀ ਸਿੰਘ ਜੀ ਬੜੇ ਖੁਸ਼ ਹੋਏ ਅਤੇ ਖੁਸ਼ੀ ਵਿਚ ਹੀ ਬਚਨ ਕੀਤਾ

"ਪਰਤਾਪ ਸਿੰਘ ਬੜੇ ਪਰਤਾਪ ਵਾਲਾ ਆਇਆ ਏ ਘਰ ਦਾ ਮਾਲਕ ਆਇਆ ਏ। ਬੜੇ ਪਰਤਾਪ ਵਾਲਾ ਹੋਵੇਗਾ ਇਸ ਦੀ ਛਤ੍ਰ ਛਾਇਆ ਸੰਗਤ ਨੂੰ ਬੜੇ ਸੁਖ ਹੋਣਗੇ"

ਇਸ ਵਡੇ ਪਰਤਾਪ ਵਾਲੇ ਸ੍ਰੀ ਸਤਿਗੁਰ ਪਰਤਾਪ ਸਿੰਘ ਜੀ ਦਾ ਜਸ ਤਾਂ ਮਿਸਰੀ ਦਾ ਪਹਾੜ ਹੈ ਇਕ ਕੀੜੀ ਭਾਵੇਂ ਸਾਰੀ ਉਮਰ ਉਸ ਪਹਾੜ ਵਿਚੋਂ ਮਿਸਰੀ ਖਾਂਦੀ ਰਹੇ, ਆਪ ਹੀ ਦਸੋ ਕਿ ਕਿੰਨੀ ਕੁ ਮਿਸਰੀ ਖਾ ਲਵੇਗੀ

ਗੁਰ ਕੋ ਜਸ ਹੈ ਸੈਲ ਨਿਬਾਤੇ
ਮੈਂ ਚੀਟੀ ਕਿਆ ਚੁਕ ਹੌਂ ਤਾਤੇ

ਮਛੀ ਵਿਚਾਰੀ ਨੂੰ ਕੀ ਪਤਾ ਹੈ ਕਿ ਸਮੁੰਦ੍ਰ ਕਿਡਾ ਵੱਡਾ ਹੈ

ਤੂ ਦਰੀਆਉ ਦਾਨਾ ਬੀਨਾ
ਮੈਂ ਮਛੁਲੀ ਕੈਸੇ ਅੰਤੁ ਲਹਾ"

ਆਪ ਜੀ ਦੇ ਬੇਅੰਤ ਗੁਣਾਂ ਵਿਚੋਂ ਇਕ ਗੁਣ ਉਦਾਰਤਾ ਦਾ ਤਿਲਮਾਤ੍ਰ ਵਰਨਣ ਕਰਦਾ ਹਾਂ

**ਦਾ ਵਰਤ ਲੰਗਰ** :- ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ ਗੁਰੂ ਸਾਹਿਬ ਸਰਬ ਦਾਨਾਂ ਤੇ ਉਪਰ ਅੰਨ ਦਾ ਦਾਨ ਬੜਾ ਲਿਖਾ ਹੈ

Sri Satguru Jagjit Singh Ji Elibrary NamdhariElibrary@gmail.com

ਯਗ ਜਾਂ ਭੋਜ ਅਤੇ ਗੁਰੂ ਕੇ ਲੰਗਰ ਵਿਚ ਬੜਾ ਫਰਕ ਹੈ। ਯਗ ਆਮ ਕਰ ਕੇ ਆਪਣਾ ਜਸ ਫੈਲਾਉਣ ਖਾਤਰ ਕੀਤਾ ਜਾਂਦਾ ਹੈ ਪਰ ਗੁਰੂ ਕਾ ਲੰਗਰ ਲੋੜਵੰਦਾਂ ਦੀ ਸੇਵਾ ਹਿਤ ਖੋਲ੍ਹਿਆ ਜਾਂਦਾ ਹੈ। ਇਸ ਦਾ ਖਰਚ ਸਿਖਾਂ ਦੀ ਕਮਾਈ ਵਿਚੋਂ ਧਰਮ ਅਰਥ ਕੱਢੇ ਹੋਏ ਧਨ ਵਿਚੋਂ ਕੀਤਾ ਜਾਂਦਾ ਹੈ।

ਕਈ ਕਈ ਧਨੀਆਂ ਅਥਵਾ ਦਾਨੀ ਪੁਰਖਾਂ ਨੇ ਲੰਗਰ ਲਾਏ ਹੁੰਦੇ ਹਨ ਅਤੇ ਬੋਰਡ ਤੇ ਲਿਖਿਆ ਹੁੰਦਾ ਹੈ ਕਿ ਇਹ ਸਦਾ ਵਰਤ ਲੰਗਰ ਫਲਾਨੇ ਵਕਤ ਤੋਂ ਲੈ ਕੇ ਫਲਾਨੇ ਵਕਤ ਤਕ ਖੁਲੇਗਾ। ਜਿਥੇ ਵਕਤ ਦੀ ਪਾਬੰਦੀ ਹੋਵੇ ਉਹ ਸਦਾ ਵਰਤ ਕਹਿਲਾਉਣ ਦਾ ਹਕਦਾਰ ਨਹੀਂ। ਸਦਾ ਵਰਤ ਉਹ ਹੀ ਹੋ ਸਕਦਾ ਹੈ ਜਿਥੇ ਹਰ ਪ੍ਰਾਣੀ ਨੂੰ ਹਰ ਵਕਤ ਭੋਜਨ ਮਿਲ ਸਕੇ। ਇਹ ਮਹਾਨਤਾ ਤਾਂ ਸਿਰਫ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਹੋਏ ਲੰਗਰ ਨੂੰ ਪ੍ਰਾਪਤ ਹੈ। ਇਸ ਲੰਗਰ ਦਾ ਮੁਢ ਭਾਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਧਾ, ਅਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਵੀ ਅਤਿ ਕਠਨਾਈਆਂ ਵਿਚ ਵੀ ਜਾਰੀ ਰਖਿਆ ਪਰ ਜਿਹੜੀ ਮਹਾਨਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਇਸ ਲੰਗਰ ਨੂੰ ਪ੍ਰਾਪਤ ਹੋਈ ਉਹ ਬੇਮਸਾਲ ਹੈ। ਇਥੇ ਹਰ ਪ੍ਰਾਣੀ ਨੂੰ ਭਾਵੇਂ ਉਹ ਕਿਸੇ ਜਾਤ ਦਾ ਹੋਵੇ ਭਾਵੇਂ ਉਹ ਕਿਸੇ ਪਾਰਟੀ ਦਾ ਹੋਵੇ, ਹਰ ਵਕਤ ਭਾਵੇਂ ਦੁਪਹਿਰ ਹੋਵੇ ਭਾਵੇਂ ਅੱਧੀ ਰਾਤ ਹੋਵੇ ਪਰਸ਼ਾਦਾ ਰਜਵਾਂ ਮਿਲਦਾ ਹੈ। ਕਾਲ ਹੋਵੇ ਜਾਂ ਅੰਨ ਦੀ ਮਹਿੰਗਾਈ ਹੋਵੇ, ਫਸਲਾਂ ਬਰਸਾਤ ਨਾਲ ਜਾਂ ਹੜਾਂ ਨਾਲ ਤਬਾਹ ਹੋ ਗਈ ਆਉਣ ਜਾਣ ਵਾਲੀਆਂ ਦੀ ਅਣਗਿਣਤੀ ਹੋਵੇ, ਪਰਸ਼ਾਦਾ ਸਭ ਨੂੰ ਰਜਵਾਂ ਮੁਫਤ ਮਿਲਦਾ ਹੈ। ਪਾਕਿਸਤਾਨ ਬਣਨ ਸਮੇਂ ਤਾਂ ਹਜਾਰਾਂ ਸ਼ਰਨਾਰਥੀਆਂ ਨੇ ਇਸ ਲੰਗਰ ਦੀ ਸ਼ਰਣ ਲਈ। ਕਾਲ ਦੇ ਸਮੇਂ ਤਾਂ ਇਸ ਲੰਗਰ ਨੇ ਕਾਲ ਪੀੜਤਾਂ ਦੀ ਰਜ ਕੇ ਸੇਵਾ ਕੀਤੀ। ਸ੍ਰੀ ਸਤਿਗੁਰੂ ਜੀ ਨੇ ਸਿਰਫ ਇਥੇ ਆਏ ਲੋਕਾਂ ਨੂੰ ਲੰਗਰ ਨਹੀਂ ਦਿੱਤਾ ਸਗੋਂ ਕਾਲ ਦੇ ਘਰ ਜਾ ਕੇ ਵੀ ਲੰਗਰ ਲਾਇਆ। ਕਾਲ ਦਾ ਘਰ ਕਿਹੜਾ ਹੈ? ਕਾਲ ਦਾ ਘਰ ਜਿਲਾ ਸਰਸਾ ਦੀ ਉਹ ਬੇਆਬਾਦ ਬੰਜਰ ਜ਼ਮੀਨ ਸੀ ਜਿਥੇ ਸ੍ਰੀ ਸਤਿਗੁਰੂ ਦੀ ਕਿਰਪਾ ਸਦਕਾ ਇਹ ਸਵਰਗੀ ਬਾਗਨੁਮਾ ਜ਼ਮੀਨ ਬਣ ਗਈ ਹੈ ਅਤੇ ਜਿਥੋਂ ਦੀ ਪੈਦਾਵਾਰ ਨੇ ਸਾਰੇ ਪੰਜਾਬ ਨੂੰ ਚਕ੍ਰਿਤ ਕਰ ਦਿੱਤਾ ਹੈ। ਇਹ ਸਿਰਫ ਸਤਿਗੁਰ ਜੀ ਦੀ ਉਦਾਰਤਾ ਦਾ ਨਤੀਜਾ ਸੀ ਕਿ ਕਾਲ ਪੀੜਤਾਂ ਵਾਸਤੇ ਉਨ੍ਹਾਂ ਦੇ ਘਰ ਲੰਗਰ ਜਾ ਲਾਇਆ। ਇਹ ਸਭ ਕੁਝ ਕਿਸੇ ਵਖਾਵੇ, ਚੌਧਰੀ ਜਾਂ ਵਡਿਆਈ ਵਾਸਤੇ ਨਹੀਂ ਸੀ ਕੀਤਾ ਸਗੋਂ ਨਿਰੋਲ ਪਰਉਪਕਾਰ ਸਦਕਾ।

**ਸੰਗੀਤ** :- ਕਹਿੰਦੇ ਹਨ ਕਿ ਸੰਗੀਤ ਰੂਹ ਦੀ ਖੁਰਾਕ ਹੁੰਦੀ। ਜਿਥੇ ਆਪ ਜੀ ਨੇ ਸਰੀਰਕ ਖੁਰਾਕ ਦਾ ਲੰਗਰ ਲਾਇਆ ਹੋਇਆ ਸੀ ਉਥੇ ਰੂਹਾਨੀ ਖੁਰਾਕ ਦਾ ਵੀ ਇਕ ਲੰਗਰ ਲਾਇਆ ਹੋਇਆ ਸੀ।

ਕੋਈ ਕਿਸੇ ਰਾਗ ਬਾਰੇ ਪੁਛੇ ਜਾਂ ਸਿਖਿਆ ਮੰਗੇ ਆਪ ਜੀ ਉਸ ਨੂੰ ਝੱਟ ਸਮਝਾ ਦਿੰਦੇ ਸਨ । ਸੰਗੀਤ ਦਾਨ ਵਿਚ ਉਦਾਰਤਾ ਦਾ ਇਥੋਂ ਪਤਾ ਲਗ ਸਕਦਾ ਹੈ ਕਿ ਜਿਸ ਰਾਗ ਦੀ ਬਖਸ਼ਸ਼ ਦੂਜਿਆਂ ਕੋਲੋਂ ਸਾਲਾਂ ਵਿਚ ਵੀ ਨਹੀਂ ਸੀ ਹੋ ਸਕਦੀ ਆਪ ਛਿਨ ਵਿਚ ਹੀ ਕਰ ਦਿੰਦੇ ਸਨ । ਆਪ ਜੀ ਕਿਹਾ ਕਰਦੇ ਸਨ ਕਿ ਆਪ ਸਿਖਾਂ ਪਾਸੋਂ ਕੁਝ ਛੁਪਾ ਕੇ ਨਹੀਂ ਰਖਦੇ ।

ਪੰਜਾਬੀ ਦੇ ਪ੍ਰਸਿੱਧ ਪੱਤ੍ਰਕਾਰ ਸ੍ਰ: ਅਵਤਾਰ ਸਿੰਘ ਜੀ ਆਜ਼ਾਦ ਲਿਖਦੇ ਹਨ :-

" ਸਚੀ ਗਲ ਤਾਂ ਇਹ ਹੈ ਕਿ ਕੀਰਤਨ ਦੀ ਮਰਯਾਦਾ ਜੇ ਅਜ ਵੀ ਕਿਤੇ ਸੁਰਜੀਤ ਹੈ ਤਾਂ ਨਾਮਧਾਰੀ ਦੀਵਾਨ ਵਿਚ । ਅਤੇ ਸਤਿਗੁਰ ਪਰਤਾਪ ਸਿੰਘ ਜੀ ਨੇ ਤਾਂ ਇਕ ਤਰ੍ਹਾਂ ਨਾਲ ਇਸ ਮਰਯਾਦਾ ਨੂੰ ਉਚੇਚੇ ਜਤਨ ਕਰ ਕੇ ਸੁਰਜੀਤ ਰਖਿਆ ... ਗੁਰਮਤ ਸੰਗੀਤ ਦੀ ਪੁਰਾਤਨ ਮਰਯਾਦਾ ਨੂੰ ਲੋਪ ਹੁੰਦਾ ਵੇਖ ਕੇ ਗੁਰਮਤਿ ਸੰਗੀਤ ਕਾਨਫਰੰਸਾਂ ਕਰਵਾਈਆਂ "

**ਨਾਮ ਬਾਣੀ** । ਮਾਨਸਿਕ ਸ਼ਾਂਤੀ ਵਾਸਤੇ ਅਤੇ ਜੀਵਾਂ ਨੂੰ ਅਕਾਲ ਪੁਰਖ ਨਾਲ ਮੇਲਣ ਵਾਸਤੇ ਸਤਿਗੁਰੂ ਜੀ ਨੇ ਨਾਮ ਬਾਣੀ ਦਾ ਵੀ ਲੰਗਰ ਲਾਇਆ ਹੋਇਆ ਸੀ । ਇਕ ਵਰਨੀ ਤਾਂ ਨਿਰੰਤਰ ਹੀ ਕਈ ਸਾਲਾਂ ਤੋਂ ਜਾਰੀ ਹੈ ( ਹੁਣ ਤਾਂ ਕਈਆਂ ਥਾਵਾਂ ਤੇ ਨਿਰੰਤਰ ਵਰਨੀਆਂ ਚਲ ਰਹੀਆਂ ) ਇਸ ਤੋਂ ਬਿਨਾਂ ਕਈ ਜਪ ਪ੍ਰਯੋਗ ਕਰਦੇ ਰਹਿੰਦੇ । ਕਦੀ ਨਾਮ ਅਥਵਾ ਭਜਨ ਦਾ ਪ੍ਰਯੋਗ ਕਰ ਦਿੰਦੇ, ਕਦੀ "ਚੌਪਈ" ਦੇ ਸਵਾ ਲਖ ਪਾਠਾਂ ਦਾ ਅਰਦਾਸਾ ਕਰਕੇ ਨਿਰਵਿਘਨ ਸਮਾਪਤ ਕਰ ਲੈਂਦੇ, ਕਦੀ ਭਗਉਤੀਆਂ ਦਾ ਪ੍ਰਯੋਗ ਮਿਥ ਲੈਂਦੇ, ਕਦੀ 'ਚੰਡੀ ਦੀ ਵਾਰ' ਦਾ ਪ੍ਰਯੋਗ ਸ਼ੁਰੂ ਕਰ ਦਿੰਦੇ ਅਤੇ ਕਦੀ ਸ੍ਰੀ ਗ੍ਰੰਥ ਸਾਹਿਬ ਜੀ ਦੇ ਪਾਠਾਂ ਦਾ ਹੀ ਪ੍ਰਯੋਗ ਕੀਤਾ ਜਾਂਦਾ । ਪ੍ਰਯੋਗ ਤੋਂ ਬਿਨਾਂ ਵੀ ਕਈ ਲੱਖ ਪਾਠ ਸ੍ਰੀ ਗ੍ਰੰਥ ਸਾਹਿਬ ਜੀ ਦੇ ਪਾਠ ਕਰਵਾਏ ਅਤੇ ਸਭ ਤੋਂ ਉਚ ਜਿਹੜਾ ਘਰ ਘਰ ਨਾਮ ਜਪਿਆ ਜਾਂਦਾ ਹੈ ਅਤੇ ਬਾਣੀ ਪੜ੍ਹੀ ਜਾਂਦੀ ਹੈ ਇਹ ਸਭ ਆਪ ਜੀ ਦੀ ਹੀ ਕਿਰਪਾ ਹੈ ਇਸੇ ਲਈ ਹੀ ਕਹਿਆ ਜਾਂਦਾ ਹੈ :-

**ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜਿਨ੍ਹਾਂ**
**ਕਲਿ ਜੁਗ ਵਿਚ ਸੁਰ ਸੋਧ ਅਤੇ ਨਾਮ**
**ਬਾਣੀ ਦਾ ਪਰਵਾਹ ਦਿਤਾ ਚਲਾਇ ।**

Sri Satguru Jagjit Singh Ji Elibrary NamdhariElibrary@gmail.com

NO. 10

DATE

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
# ਦਾ ਇਕ ਨਿਹੰਗ ਸਿੰਘ ਨੂੰ
# ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਦਰਸ਼ਨ ਦੇਣਾ

ਦੋਹਰਾ : ਨਿਹੰਗ ਸਿੰਘ ਸੰਤ ਧਰਮ ਸਿੰਘ ਤਿਸ ਕੋ ਇਮ ਕਰਤਾਰ।
ਪਤੋਂ ਸੁਣੋ ਮਿਲੇ ਪ੍ਰੀਤ ਨੀਰ ਮਨ ਕੋ ਆਵੈ ਸਾਰ।

ਚੌਪਈ : ਏਕ ਸਮੇਂ ਗੁਰ ਕਰਤੇ ਦੌਰਾ, ਗੁਰ ਕੇ ਕੰਠੇ ਕੋ ਕਛੋ ਠੌਰਾ।
ਉਹਾ ਇਕ ਨਿਹੰਗ ਸਿੰਘ ਆਹਾ, ਨਿਸ ਦਿਨ ਗੁਰ ਗੁਰ ਜਪ ਰਹਾ।
ਸੁਨਿਉ ਉਸ ਗੁਰ ਆਏ ਚੀਤ, ਮਨ ਮੇਂ ਬਢੀ ਮਿਲਨ ਕੀ ਪ੍ਰੀਤ।
ਤਬ ਮਨ ਮੇਂ ਇਮ ਸੰਸਾ ਭਇਆ, ਮਮ ਦਸਵੇਂ ਕੋ ਬਾਨਾ ਗਹਿਆ।
ਦਸਵੇਂ ਬਿਨ ਨਹ ਔਰ ਗੁਰੂ ਹੈਂ ਇਮ ਕਛੁ ਹੋਵਾ ਨੰਦ ਉਹੁ ਹੈਂ।
ਏਹ ਤੋ ਕੂਕਿਆ ਲੋਊ ਬਨਾਏ, ਦੁਆਦਸ ਕੋ ਭਰੋਸਾ ਆਹੇ।
ਚੌਹਦਵਾਂ ਨਾਨਕ ਬਨਿਉਂ ਬੈਠਾ, ਅਬ ਆਏ ਹੈ ਨਿਕਟ ਅਹਠਾ।
ਚਾਹੇ ਕੌਣ ਕਰਨ ਤਿਸ ਕੇਹਾ, ਮਮ ਦਿਲ ਇਸ ਕੇ ਚਾਹੇਂ ਹੇਰਾ।
ਦਰਸ ਕਰੋਂ ਜੋ ਆਪੂ ਆਵੇਂ, ਨਾਨਕ ਕੋ ਧਪ ਮੋਹੇ ਦਰਸਾਵੇਂ।
ਤਬ ਆਨੈ ਮਨ ਗੁਰੂ ਕੀ ਕਰਨੀ, ਤੌਂ ਲਾਗੂ ਤਿਸ ਸਿਖ ਹੋਏ ਸਰਨੀ।
ਇਤ ਚਲ ਸਤਿਗੁਰ ਨਿਕਟ ਪਧਾਰੇ, ਘੋੜਾ ਲੰਗੇ ਰਾਹੋਂ ਉਖਾਰੇ।
ਸੀਘਰ ਧਾਰ ਇੱਕ ਗਇਉ ਤੁਰੰਗ, ਤਰਕਤ ਉਠੀਓ ਸਿੰਘ ਸਾਹਿਬ ਨਿਹੰਗ।
ਨਾਨਕ ਗੁਰ ਕੋ ਤਿਹ ਸਿੰਘ ਪਿਖਿਉ, ਵੋਹ ਸਰੂਪ ਜੈਸ ਥਾ ਚੀਖਿਉ।
ਉਠ ਕਰ ਚਰਨਨ ਮਾਹੇ ਲਿਪਟਾਨਾ, ਪੁਲਕਾਵਤ ਮਨ ਹੋਏ ਮਸਤਾਨਾ।
ਤੂਹੀਂ ਤੂਹੀਂ ਤੂਹੀਂ, ਤੂਹੀਂ ਤੂਹੀਂ ਹੋਏ ਸਕਲੇ ਤੂਹੀਂ।
ਲੈਰਲੇ ਸਿੰਘ ਜਬ ਸਾਥੇ ਪਧਾਰੇ, ਨਿਹੰਗ ਸਿੰਘ ਸਟ ਪੂਰੀ ਉਚਾਰੇ।
ਗੁਰੂ ਜਾਪੋ ਗੁਰੂ ਜਾਪੇ ਜਾਪੇ, ਸਾਚੋਂ ਗੁਰੂ ਨਹ ਭੂਲੀਓ ਜਾਪੇ।
ਪ੍ਰਭ ਉਹਾਂ ਸੇ ਭਏ ਅਗਾਰੀ, ਸਿੰਘ ਨਿਸੰਗ ਭਇਉ ਹਿਤਕਾਰੀ।
ਰਾਮਪੁਰੀ ਜਿਸ ਕੋ ਪ੍ਰਤਾਪ, ਤਾਂ ਕੋ ਨਾਮ ਗੁਰੂ ਪ੍ਰਤਾਪ।

ਸੰਤ ਗੁਰਬਖਸ਼ ਸਿੰਘ ਜੀ
ਰਾਮ ਪੁਰੀ

# ਅਖੀਂ ਡਿੱਠਾ

[ਸੰਤ ਪ੍ਰੀਤਮ ਸਿੰਘ ਜੀ ਪੱਦੀ ਖਾਲਸਾ

ਮੇਰੇ ਪਿੰਡ ਵਿਚ ਮੇਰੇ ਬਾਬਾ ਜੀ ਲਗਦੇ ਸਨ, ਤੇ ਠੇਕੇਦਾਰ ਸਨ। ਬੜੇ ਨਰਮਾਏ ਦਾਰ ਸਨ ਉਨ੍ਹਾਂ ਘਰ ਕੋਈ ਪੁੱਤਰ ਨਹੀਂ ਸੀ, ਦੋ ਲੜਕੀਆਂ ਸਨ। ਕੁਦਰਤ ਨਾਲ ਉਨ੍ਹਾਂ ਨੂੰ ਤਪਦਿਕ ਹੋ ਗਈ। ਕਈ ਸਾਲ ਬਹੁਤ ਇਲਾਜ ਕਰਾਇਆ, ਸ਼ਿਮਲੇ ਤੱਕ ਚੀਲਾਂ ਦੇ ਜੰਗਲ ਵਿਚ ਵੀ ਬਹੁਤ ਵਕਤ ਬਤੀਤ ਕਰਦੇ ਰਹੇ ਡਾਕਟਰ ਦੇ ਦੱਸਣ ਤੋਂ, ਔਖਰ ਲਾ ਇਲਾਜ ਹੋ ਗਏ। ਤਾਂ ਆਪਣੀ ਜ਼ਾਏਦਾਦ ਦੋਨਾਂ ਲੜਕੀਆਂ ਦੇ ਨਾਂਮ ਲਾ ਦਿਤੀ। ਤੇ ਉਨ੍ਹਾਂ ਦੇ ਸਨਬੰਧੀ ਤੇ ਸੱਜਣ ਮਿਤਰ ਆਖਰੀ ਮਿਲਨ ਵਾਸਤੇ ਵੀ ਪਹੁੰਚ ਗਏ ਤੇ ਮੈਂ ਵੀ ਉਨ੍ਹਾਂ ਨੂੰ ਦੇਖਨ ਗਿਆ ਜਦੋਂ ਮੈਂ ਉਨ੍ਹਾਂ ਨੂੰ ਬੁਲਾਇਆ ਮੈਨੂੰ ਆਖਣ ਲੱਗੇ ਮੈਂ ਤੇਰੇ ਤੇ ਬਹੁਤ ਸਰਧਾ ਰਖਦਾ ਹਾਂ, ਜੇ ਤੂੰ ਕ੍ਰਿਪਾ ਕਰੇਂ ਤਾਂ ਮੈਨੂੰ ਸਤਿਗੁਰੂ ਜੀ ਦੇ ਅਖੀਰੀ ਦਰਸ਼ਨ ਕਰਾ ਦੇ, ਜੋ ਬੇੜਾ ਪਾਰ ਹੋ ਜਾਵੇ। ਤਾਂ ਮੈਂ ਉਨ੍ਹਾਂ ਦੇ ਕਹੇ ਦੇ ਮੁਤਾਬਕ ਟੈਕਸੀ ਲੈ ਕੇ ਹਿਸਾਰ ਗਿਆ। ਪਤਾ ਲੱਗਾ ਕਿ ਸੱਚੇ ਪਾਤਸ਼ਾਹ ਦਿੱਲੀ ਗਏ ਹਨ। ਤਾਂ ਮੈਂ ਦਿੱਲੀ ਰਾਤ ਅੱਠ ਵਜੇ ਪਹੁੰਚ ਗਿਆ ਤਾਂ ਸੱਚੇ ਪਾਤਸ਼ਾਹ ਜੀ ਦੇ ਦੁੱਧ ਛਕਦਿਆਂ ਦੇ ਦਰਸ਼ਨ ਕੀਤੇ। ਹੁਕਮ ਹੋਇਆ—"ਤੂੰ ਭਾਈ ਕਿਸ ਤਰ੍ਹਾਂ ਆਇਆ ਹੈਂ?" ਮੈਂ ਅਰਜ਼ ਕੀਤੀ ਜੀ ਮੇਰਾ ਬਾਬਾ ਲੱਗਦਾ ਹੈ, ਉਹ ਬਹੁਤ ਬੀਮਾਰ ਹੈ। ਸ਼ਾਇਦ ਹੀ ਅੱਜ ਰਾਤ ਕੱਢ ਸਕੇ। ਆਪ ਕ੍ਰਿਪਾ ਕਰੋ ਤੇ ਮੇਰੇ ਨਾਲ ਚੱਲੋ ਤੇ ਉਸ ਨੂੰ ਦਰਸ਼ਨ ਦਿਉ। ਕਹਿਣ ਲੱਗੇ ਤੂੰ ਕੋਈ ਫਿਕਰ ਨਾ ਕਰ ਉਹ ਹਾਲੇ ਨਹੀਂ ਮਰਦਾ। ਮੈਨੂੰ ਹੁਕਮ ਕੀਤਾ ਤੂੰ ਆਪਣੇ ਪਿੰਡ ਚਲਾ ਜਾ, ਅਸੀਂ ਪਰਸੋਂ ਆਸਾ ਦੀ ਵਾਰ ਵਿਚ ਆਵਾਂਗੇ। ਮੈਂ ਕਹੇ ਦੇ ਮੁਤਾਬਕ ਪਿੰਡ ਚਲਾ ਗਿਆ ਤੇ ਜਾ ਕੇ ਪਿੰਡ ਕਹਿ ਦਿੱਤਾ ਕਿ ਸੱਚੇ ਪਾਤਸ਼ਾਹ ਪਰਸੋਂ ਆਉਣ ਗੇ। ਸਰਬੱਤ ਨੂੰ ਸੁਣਕੇ ਬਹੁਤ ਖੁਸ਼ੀ ਹੋਈ। ਬਾਬਾ ਜੀ ਕਹਿਣ ਜਦੋਂ ਦੇ ਤੁਸੀਂ ਗਏ ਹੋ ਸਤਿਗੁਰੂ ਜੀ ਦੇ ਪਾਸ ਤੇ ਜਦੋਂ ਉਹਨਾਂ ਹੁਕਮ ਕੀਤਾ ਕਿ ਨਹੀਂ ਮਰਦਾ, ਉਸੇ ਵੇਲੇ ਤੋਂ ਸਰੀਰ ਦੀ ਹਾਲਤ ਚੰਗੀ ਹੋਣ ਲੱਗ ਪਈ। ਸਾਰੇ ਘਰ ਵਾਲੇ ਤੇ ਸਬੰਧੀਆਂ ਨੂੰ ਬਹੁਤ ਖੁਸ਼ੀ ਹੋਈ। ਜਦ ਅਗਲਾ ਸਵੇਰਾ ਹੋਇਆ ਤੇ ਸੱਚੇ ਪਾਤਸ਼ਾਹ ਆਸਾ ਦੀ ਵਾਰ ਵਿਚ ਪਹੁੰਚ ਗਏ ਜਿਤਨੇ ਵੱਡੇ ਵੱਡੇ ਅਫਸਰ ਵਜ਼ੀਰ ਸਨ ਸਭ ਦਰਸ਼ਨਾਂ ਲਈ ਆਏ। ਜਦੋਂ ਆਸਾ ਦੀ ਵਾਰ ਦਾ ਭੋਗ ਪਿਆ ਤਾਂ ਸੱਚੇ ਪਾਤਸ਼ਾਹ ਜੀ ਕਹਿਣ ਲੱਗੇ ਸੁਣਾ ਭਾਈ ਪ੍ਰੀਤਮ ਸਿੰਘ ਸ੍ਰ: ਲੱਖਾ ਸਿੰਘ ਕਿਥੇ ਹੈ? ਮੈਂ ਅਰਜ਼ ਕੀਤੀ ਸੱਚੇ ਪਾਤਸ਼ਾਹ ਅਗਲੇ ਅੰਦਰ ਸਭ ਤੇ ਲੰਮਾਂ ਪਿਆ ਹੈ। ਚੱਲ ਕੇ ਦਰਸ਼ਨ ਦਿਉ ਜੀ।

ਜਿਸ ਵਕਤ ਲੱਖਾ ਸਿੰਘ ਦੇ ਪਾਸ ਸਤਿਗੁਰੂ ਜੀ ਗਏ ਤੇ ਅੱਗੋਂ ਸਾਰੀ ਸੰਗਤ ਨੇ ਅਰਜ਼ ਕੀਤੀ ਸਤਿਗੁਰੂ ਜੀ ਕ੍ਰਿਪਾ ਕਰ ਦਿਉ। ਤਾਂ ਹੁਕਮ ਹੋਇਆ ਕਿ ਸ਼ਰਾਬ ਨਾ ਪੀਵੇ ਤੇ ਤੰਦਰੁਸਤ ਹੋ ਜਾਵੇਗਾ ਜੇ ਸ਼ਰਾਬ ਪੀ ਲਵੇਗਾ ਤਾਂ ਅਸੀਂ ਨਹੀਂ ਜ਼ੁਮੇਵਾਰ। ਤਾਂ ਸਤਿਗੁਰੂ ਜੀ ਨੇ ਆਪਣਾ ਸੱਜਾ ਚਰਨ, ਪ੍ਰਸੰਨ ਹੋ ਕੇ ਉਸ ਦੇ ਮੱਥੇ ਨੂੰ ਲਾਇਆ ਤਾਂ ਲੱਖਾ ਸਿੰਘ ਨੇ ਅਰਜ਼ ਕੀਤੀ ਕਿ ਮਹਾਰਾਜ ਮੈਂ ਬਹੁਤ ਪਾਪੀ ਹਾਂ। ਅੱਗੋਂ ਹੁਕਮ ਹੋਇਆ ਤੂੰ ਭਾਈ ਕੋਈ ਫਿਕਰ ਨਾ ਕਰ। ਗੁਰੂ ਭਲੀ ਕਰੇ ਗਾ।

ਫਿਰ ਅਜੇਹਾ ਰਾਜ਼ੀ ਹੋ ਗਿਆ ਕਿ ਜੇਹੜਾ ਡਾਕਟਰ ਜਵਾਬ ਦੇ ਗਿਆ ਸੀ ਉਹ ਕਹਿਣ ਲੱਗਾ ਕਿ ਲਖਾ ਸਿੰਘ ਤੂੰ ਕਿੱਥੋਂ ਦੁਆਈ ਖਾਧੀ ਹੈ ਤੇਰੇ ਫਿਫੜਿਆਂ ਵਿਚ ਕੋਈ ਨੁਕਸ ਨਹੀਂ।

"ਮੈਂ ਦੁਆਈ ਕੋਈ ਨਹੀਂ ਖਾਧੀ। ਮੇਰੇ ਤੇ ਤਾਂ ਕ੍ਰਿਪਾ ਸ੍ਰੀ ਸਤਿਗੁਰੂ ਭੈਣੀ ਸਾਹਿਬ ਵਾਲਿਆਂ ਦੀ ਹੋਈ ਹੈ।"

ਡਾਕਟਰ ਕਹਿਣ ਲੱਗਾ ਸਾਨੂੰ ਵੀ ਦਰਸ਼ਨ ਕਰਾ ਫਿਰ ਉਸ ਡਾਕਟਰ ਨੇ ਵੀ ਦਰਸ਼ਨ ਕੀਤੇ ਤੇ ਸਿੱਖ ਸਜਿਆ।

Sri Satguru Jagjit Singh Ji Elibrary NamdhariElibrary@gmail.com

# ਸਾਂਝੀਵਾਲਤਾ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

—ਸਵਿੰਦਰ ਸਿੰਘ ਨਾਮਧਾਰੀ
ਲੁਧਿਆਣਾ

ਸਰਬਤ ਦਾ ਭਲਾ ਚਾਹੁਣ ਵਾਲੇ ਨੂੰ ਦੁਨੀਆਂ ਸਦਾ ਹੀ ਨਿਵਾਜਦੀ ਆਈ ਹੈ। ਭਲਾ ਪੁਰਸ਼ ਉਹੋ ਹੀ ਹੋ ਸਕਦਾ ਹੈ ਜੋ ਕਿ ਜਗਤ ਜਲੰਦੇ ਲਈ ਆਪਸੀ ਭਾਈਚਾਰੇ ਦਾ ਕੋਈ ਸੁਖ ਸ਼ਾਂਤੀ ਦਾ ਅਮਨ ਸੰਦੇਸ਼ ਲਿਆਵੇ ਅਤੇ ਜਿਸਦਾ ਆਪਣਾ ਜੀਵਨ ਸਾਰੀ ਮਾਨਵਤਾ ਲਈ ਇਕ ਮਿਸਾਲ ਹੋਵੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਨ 1906 ਵਿਚ ਗੁਰਗੱਦੀ ਤੇ ਸੁਸ਼ੋਭਿਮਾਨ ਹੋਏ ਤਾਂ ਉਸ ਵਕਤ ਭਾਰਤ ਦਾ ਨਾਗਰਿਕ ਅੰਗਰੇਜ਼ੀ ਹਕੂਮਤ ਦੀ ਪਾੜੋ ਅਤੇ ਰਾਜ ਕਰੋ ਦੀ ਕੁਟਿਲ ਨੀਤੀ ਦਾ ਸ਼ਿਕਾਰ ਹੋ ਕੇ ਸਾਂਝੀਵਾਲਤਾ ਨੂੰ ਭੁੱਲ ਕੇ ਫੁੱਟ ਦਾ ਸ਼ਿਕਾਰ ਹੋ ਚੁਕਿਆ ਸੀ। ਜਿਵੇਂ ਕਿ—

"ਸਤਿਗੁਰ ਸਭਨਾ ਦਾ ਭਲਾ ਮਨਾਇਦਾ"
"ਸਭੇ ਸਾਂਝੀਵਾਲ ਸਦਾਇਨ ਕੋਇ ਨਾ ਦਿਸੈ ਬਾਹਿਰਾ ਜੀਉ"
"ਨਾ ਕੋ ਬੈਰੀ ਨਾਹਿ ਬਿਗਾਨਾ ਸਗਲ ਸੰਗਿ ਹਮ ਕਉ ਬਨਿਆਈ"

ਆਦਿ ਗੁਰਬਾਣੀ ਦੇ ਮੁਖਵਾਕਾਂ ਦੀ ਸੇਧ ਵਿਚ ਹਰ ਭਾਰਤੀ ਨਾਗਰਿਕ ਵਿਚੋਂ ਫੁੱਟ ਦੇ ਬੀਜ ਨੂੰ ਨਸ਼ਟ ਕਰਨ ਲਈ ਕੋਈ ਨ ਕੋਈ ਮਹਾਨ ਕਾਰਜ ਕਰਦੇ ਹੀ ਰਹਿੰਦੇ।

ਜਿਵੇਂ ਕਿ ਜਦੋਂ ਤੋਂ ਅਕਾਲੀਆਂ ਨੇ ਗੁਰਦੁਆਰਿਆਂ ਤੇ ਕਬਜ਼ਾ ਕੀਤਾ ਸੀ ਤਦ ਤੋਂ ਹੀ ਪੁਰਾਤਨ ਕੀਰਤਨੀ ਰਬਾਬੀਆਂ ਨੂੰ ਗੁਰਦੁਆਰਿਆਂ ਤੋਂ ਜਵਾਬ ਦਿੱਤਾ ਗਿਆ ਸੀ। ਇਹ ਰਬਾਬੀ ਹੀ ਸਨ ਜੋ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਲਾਈ ਸੰਗੀਤਕ ਭਾਈਚਾਰੇ ਦੀ ਪ੍ਰਣਾਲੀ ਨੂੰ ਸੰਭਾਲੀ ਤੁਰੇ ਆ ਰਹੇ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੋਚਿਆ ਕਿ ਕਿਤੇ ਇਹ ਖਤਮ ਹੀ ਨਾ ਹੋ ਜਾਵੇ ਤਾਂ ਆਪ ਜੀ ਨੇ 'ਗੁਰਮਤਿ ਸੰਗੀਤ ਸੰਮੇਲਨ" 1933 ਈ: ਵਿਚ ਅੱਸੂ ਦੇ ਮਹੀਨੇ ਸ੍ਰੀ ਭੈਣੀ ਸਾਹਿਬ ਕਰਵਾਇਆ ਜਿਸ ਵਿਚ ਉੱਚ ਕੋਟੀ ਦੇ ਸੰਗੀਤਕਾਰਾਂ ਨੂੰ ਹੌਸਲੇ ਵਜੋਂ ਇਨਾਮ ਦਿੱਤੇ। ਫਿਰ ਹੋਰ ਵੀ ਅਨੇਕਾਂ ਰਾਗੀ-ਰਬਾਬੀ, ਤੇ ਉੱਚ ਕੋਟੀ ਦੇ ਕਲਾਕਾਰ ਜਿਵੇਂ ਕਿ ਪੰਡਿਤ ਓਅੰਕਾਰ ਨਾਥ, ਗੁਲਾਮ ਅਲੀ ਖਾਂ ਵਡੇ, ਪੰਨਾ ਲਾਲ, ਪੰਡਿਤ ਮਹਾਂਦੇਉ, ਕ੍ਰਿਸ਼ਨਾ ਰਾਓ, ਜੋਸ਼ੀ ਪੂਨੇ ਵਾਲੇ ਅਤੇ ਸ. ਗੁਰਬਖਸ਼ ਸਿੰਘ ਫਗੀ ਸਾਜ ਆਦਿ ਤੇ ਕਈ ਹੋਰ ਵੀ ਉਘੇ ਕਲਾਕਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ 'ਚ ਹਾਜ਼ਰ ਹੋ ਕੇ ਸੰਗੀਤ ਰਾਹੀਂ ਆਪਣੇ ਸਾਂਝੇ ਹੋਣ ਦਾ ਪ੍ਰਮਾਣ ਦਿੰਦੇ।

ਗੁਰੂ ਨਾਨਕ ਨਾਮ-ਲੇਵਾ ਕਾਨਫਰੰਸ : ਅਸੀਂ ਜਾਣਦੇ ਹੀ ਹਾਂ ਕਿ ਅੰਗਰੇਜ਼ "ਪਾੜੋ ਅਤੇ ਰਾਜ ਕਰੋ" ਦੀ ਕੁਟਿਲ ਨੀਤੀ ਨੂੰ ਅਪਨਾ ਕੇ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਵਿਚ ਤਾਂ ਫੁੱਟ ਪਾ ਹੀ ਚੁੱਕਾ ਸੀ, ਨਾਲੋ ਨਾਲ ਉਹ ਸਿੱਖਾਂ ਵਿਚ ਆਪਸੀ ਫੁੱਟ ਬੀਜ ਚੁਕਾ ਸੀ। ਸੋ ਇਸ ਫੁੱਟ ਦੇ ਬੀਜ ਨੂੰ ਜੜ੍ਹੋਂ ਪੁਟਣ ਲਈ ਸ੍ਰੀ ਸਤਿਗੁਰੂ ਜੀ ਨੇ 12-13-14 ਅਕਤੂਬਰ 1934 ਈ: ਵਿਚ ਸ੍ਰੀ ਭੈਣੀ ਸਾਹਿਬ ਵਿਚ ਗੁਰੂ ਨਾਨਕ ਨਾਮ ਲੇਵਾ ਕਾਨਫਰੰਸ ਰੱਖੀ। ਜਿਸ ਵਿਚ ਸਾਰੀਆਂ ਹੀ ਗੁਰੂ ਨਾਨਕ ਨਾਮ ਲੇਵਾ ਸੰਪਰਦਾਵਾਂ ਨੂੰ, ਜਿਹਨਾਂ ਵਿਚ ਦੋਵੇਂ ਅਕਾਲੀ ਦਲ, ਭਾਈ ਸਾਹਿਬ ਭਾਈ ਅਰਜਨ ਸਿੰਘ ਬਾਗੜੀਆਂ, ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ, ਭਾਈ ਜੋਧ ਸਿੰਘ, ਪ੍ਰੋ: ਤੇਜਾ ਸਿੰਘ, ਪ੍ਰੋ: ਗੰਗਾ ਸਿੰਘ, ਗਿਆਨੀ ਸ਼ੇਰ ਸਿੰਘ ਆਦਿ ਸਮੇਤ ਚੀਫ਼ ਖ਼ਾਲਸਾ ਦੀਵਾਨ, ਸੇਵਾਪੰਥੀ, ਨਿਰਮਲੇ, ਨਿਹੰਗ ਸਿੰਘ, ਅਤੇ ਹੋਰ ਵੀ ਨਾਨਕ ਨਾਮ ਲੇਵਾ ਸੰਪਰਦਾਵਾਂ ਸ਼ਾਮਿਲ ਹੋਈਆਂ।

ਆਪਸੀ ਸਾਂਝ ਵਧਾਉਣ ਖਾਤਿਰ ਹਜ਼ੂਰ ਨੇ ਅਕਾਲੀ ਆਗੂਆਂ ਦੇ ਕਹਿਣ ਤੇ ਕਿ ਅਰਦਾਸਾਂ ਦਸਾਂ ਪਾਤਸ਼ਾਹੀਆਂ ਦਾ ਹੀ ਹੋਵੇ ਤਾਂ ਆਪ ਜੀ ਨੇ ਖਿੜੇ ਮੱਥੇ ਕਬੂਲ ਕਰਕੇ ਕਿਹਾ ਕਿ, ਉਹ ਵੀ ਦਸੇ ਗੁਰੂ ਸਾਡੇ ਹੀ ਹਨ ਅਤੇ ਉਹਨਾਂ ਨੂੰ ਮਿਲਾਕੇ ਹੀ ਸਾਡੇ ਬਾਰਾਂ ਗੁਰੂ ਬਣਦੇ ਹਨ।

ਇਸ ਕਾਨਫਰੰਸ ਦੇ ਪ੍ਰਧਾਨ ਬਾਗੜੀਆਂ ਜੀ ਨੇ ਕਿਹਾ ਕਿ "ਇਸ ਕਾਨਫਰੰਸ ਦਾ ਮਨੋਰਥ ਸ੍ਰੀ ਗੁਰੂ ਨਾਨਕ ਪੰਥੀ ਸਾਰੀਆਂ ਸੰਪਰਦਾਵਾਂ ਵਿਚ ਆਪਸੀ ਸਾਂਝ, ਪ੍ਰੇਮ-ਪਿਆਰ ਤੇ ਏਕਤਾ ਪੈਦਾ ਕਰਨਾ ਹੈ।" ਫਿਰ ਸਰਸੁੰਦਰ ਸਿੰਘ ਜੀ ਮਜੀਠੀਆ ਨੇ ਕਿਹਾ ਕਿ "ਮੈਨੂੰ ਆਸ ਹੈ ਕਿ ਸ੍ਰੀ ਮਹਾਰਾਜ ਪ੍ਰਤਾਪ ਸਿੰਘ ਜੀ ਨੇ ਜਿਵੇਂ ਕਿ ਸਾਨੂੰ ਮਾਲਾ ਦੇ ਮਣਕਿਆਂ ਵਾਂਗ ਇਕ ਸਾਂਝੀ ਲੜੀ ਵਿਚ ਪਰੋਇਆ ਹੈ ਅਸੀਂ ਉਸੇ ਤਰ੍ਹਾਂ ਮਿਲਕੇ ਆਪਣੇ ਫਰਜ਼ ਪਾਲਣ ਕਰੀਏ।"

ਫਿਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹਿੰਦੂ-ਸਿੱਖਾਂ ਵਿਚ ਆਪਸੀ ਭਾਈਚਾਰੇ ਵਧਾਉਣ ਖਾਤਿਰ ਹਿੰਦੂ-ਸਿੱਖ ਮਿਲਾਪ ਕਾਨਫਰੰਸ ਸੰਨ 1943 ਵਿਚ ਸ੍ਰੀ ਭੈਣੀ ਸਾਹਿਬ ਬੁਲਾਈ। ਜਿਸ ਦੀ ਪ੍ਰਧਾਨਗੀ ਸੇਠ ਜੁਗਲ ਕਿਸ਼ੋਰ ਬਿਰਲਾ ਜੀ ਨੇ ਨਿਭਾਈ। ਇਸ ਕਾਨਫਰੰਸ ਵਿਚ "ਹਿੰਦੂ ਤੇ ਸਿੱਖ ਦੋਵੇਂ ਇਕ ਜਿੰਦ ਜਾਨ ਨੇ" ਦੀ ਸਮੱਸਿਆ ਤੇ ਇਕ ਮਹਾਨ ਕਵੀ ਦਰਬਾਰ ਹੋਇਆ ਅਤੇ ਇਸੇ ਸੰਬੰਧੀ ਵਿਚਾਰਾਂ ਹੋਈਆਂ। ਕਾਨਫਰੰਸ ਵਿਚ ਸਭ ਹਿੰਦੂ ਸਿੱਖਾਂ ਨੇ ਕਸਮਾਂ ਖਾਧੀਆਂ ਕਿ ਅਸੀਂ ਇਕੱਠੇ ਰਹਾਂਗੇ। ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਤੇ ਅੱਜ ਉਹ ਸਾਰੇ ਹੀ "ਹਮ ਏਕ ਹੈਂ", "ਹਮ ਏਕ ਹੈਂ" "ਹਮ ਏਕ ਹੈਂ" ਦੇ ਨਾਹਰੇ ਲਾ ਰਹੇ ਸਨ, ਜਿਹੜੇ ਕਦੀ ਇਕ ਦੂਜੇ ਨੂੰ ਵੇਖਣਾ ਨਹੀਂ ਸਨ ਚਾਹੁੰਦੇ, ਉਹਨਾਂ ਨੂੰ ਆਪਸ ਵਿਚ ਜੱਫੀਆਂ ਪਾਉਂਦਿਆਂ ਵੇਖਿਆ ਗਿਆ।

ਜਿਸ ਵੇਲੇ ਲਾਹੌਰ ਵਿਖੇ ਕਾਂਗਰਸ ਨੇ ਆਪਣਾ ਸਲਾਨਾ ਸਮਾਗਮ ਕੀਤਾ ਤਾਂ ਆਮ ਸਿੱਖਾਂ ਨੇ ਇਸ ਦਾ ਵਿਰੋਧ ਕੀਤਾ ਪਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਮੁਤਾਬਿਕ ਹਜ਼ਾਰਾਂ ਦੀ ਗਿਣਤੀ ਵਿਚ ਨਾਮਧਾਰੀ ਸਿੱਖਾਂ ਨੇ ਇਸ ਸਮਾਗਮ ਵਿਚ ਸ਼ਾਮਿਲ ਹੋ ਕੇ ਆਪਸੀ ਸਾਂਝੀਵਾਲਤਾ ਦਾ ਸਬੂਤ ਦਿੱਤਾ ।

ਸੰਨ 1939 ਵਿਚ ਲੁਧਿਆਣੇ ਵਿਚ ਸਟੇਟ ਪੀਪਲਜ਼ ਕਾਨਫਰੰਸ ਵਿਚ ਸ੍ਰੀ ਜਵਾਹਰ ਲਾਲ ਨਹਿਰੂ ਦੇ ਨਾਲ ਨਾਮਧਾਰੀਆਂ ਨੇ ਸ੍ਰੀ ਸਤਿਗੁਰੂ ਜੀ ਦੀ ਰਹਿਨੁਮਾਈ ਹੇਠ ਦੇ ਕੇ ਮੁੜ ਭਾਈਚਾਰੇ ਦਾ ਪੱਕਾ ਸਬੂਤ ਦੇ ਦਿੱਤਾ ।

ਜਿਸ ਵੇਲੇ ਸੰਨ 1945 ਵਿਚ ਸ਼ਿਮਲੇ ਹੋਈ ਕਾਨਫਰੰਸ ਵਿਚ ਪੰਡਿਤ ਨਹਿਰੂ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਕਿਹਾ ਕਿ "ਮਹਾਰਾਜ ਜੀ ਆਪ ਕੀ ਕਿਆ ਮਾਂਗ ਹੈ", ਸਭੀ ਆਪਣੀ-ਆਪਣੀ ਮਾਂਗੇ ਬਤਾ ਰਹੇ ਹੈਂ "ਆਪ ਭੀ ਕਹੀਏ ।" ਤਾਂ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਿ "ਅਸੀਂ ਅੰਗਰੇਜ਼ ਕੋਲੋਂ ਕੁਝ ਨਹੀਂ ਮੰਗਦੇ ਪਰ ਮੇਰੀ ਤਾਂ ਇਕੋ ਹੀ ਇੱਛਾ ਹੈ ਕਿ ਅਸੀਂ ਅਜ਼ਾਦ ਹੋਈਏ ਅਤੇ ਅਜ਼ਾਦ ਦੇਸ਼ ਵਿਚ ਗਊ ਬੱਧ-ਪੂਰਨ ਤੌਰ ਤੇ ਬੰਦ ਹੋਵੇ ਅਤੇ ਗਰੀਬ ਆਬਾਦ ਹੋਣ" ।

ਫਿਰ ਗਊ ਭਾਰਤ ਦੀ ਸ਼ਾਨ ਹੈ, ਭਾਰਤ ਦੀ ਜਾਨ ਹੈ, ਇਸੇ ਸਬੰਧੀ ਸਤਿਗੁਰੂ ਜੀ ਨੇ ਕਿਹਾ ਕਿ "ਜੇ ਗਊ ਹੈ ਤਾਂ ਭਾਰਤ ਹੈ, ਜੇ ਗਊ ਨਾ ਰਹੀ ਤਾਂ ਭਾਰਤ ਵੀ ਨਹੀਂ ਰਹੇਗਾ ।"

ਜਦੋਂ ਅੰਗਰੇਜ਼ ਨੇ 1937 ਵਿਚ ਲਾਹੌਰ ਵਿਚ ਮਾਡਰਨ ਮਸ਼ੀਨਰੀ ਯੁਕਤ ਦਾ ਇਕ ਬੁਚੜਖਾਨਾ ਖੋਲ੍ਹਣਾ ਚਾਹਿਆ ਤਾਂ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਚੰਡੀ ਦੀ ਵਾਰ ਦਾ ਇਕ ਮਹਾਨ ਯੱਗ "ਹਵਨ ਯੱਗ" ਕੀਤਾ, ਜਿਸ ਦਾ ਪ੍ਰਭਾਵ ਇਹ ਪਿਆ ਕਿ ਉਸ ਘੋਰ ਅਪਰਾਧ ਕਰਨ ਵਾਲੇ ਬੁਚੜਖਾਨੇ ਖੋਲ੍ਹਣ ਦੀ ਤਜਵੀਜ਼ ਹੀ ਰੱਦ ਹੋ ਗਈ ।

ਫਿਰ ਇਥੇ ਹੀ ਬਸ ਨਹੀਂ, ਜਿਸ ਵੇਲੇ ਰਾਸ਼ਟਰਪਤੀ ਡਾ: ਰਾਜਿੰਦਰ ਪ੍ਰਸਾਦ ਜੀ ਨੂੰ ਬਿਹਾਰ ਕਾਲ ਪੀੜਤਾਂ ਲਈ 500 ਗੰਢ ਖੱਦਰ ਅਤੇ ਸੌ ਮਣ ਦਾਣੇ ਦੇ ਕੇ ਨਿਵਾਜਿਆ ।

ਇਸੇ ਤਰ੍ਹਾਂ ਪਾਕਿਸਤਾਨ ਦੀ ਵੰਡ ਸਮੇਂ ਸਾਂਝੀਵਾਲਤਾ ਦੇ ਪੁਜਾਰੀ ਨੇ ਤਾਂ ਰਹਿਮਤਾਂ ਦੇ ਖਜ਼ਾਨੇ ਹੀ ਲੁਟਾ ਦਿੱਤੇ ਅਤੇ ਲੋੜਵੰਦਾਂ ਨੂੰ ਹਜ਼ਾਰਾਂ ਏਕੜ ਜ਼ਮੀਨ ਦੇ ਕੇ ਨਿਵਾਜਿਆ ਅਤੇ 1954-55 ਵਿਚ ਪੰਡਿਤ ਨਹਿਰੂ ਜੀ ਆਏ ਤਾਂ ਆਪ ਨੇ ਬੰਗਾਲ ਦੇ ਕਾਲ ਪੀੜਤਾਂ ਲਈ ਦੋ ਸੌ ਬੋਰੀ ਚਾਵਲ ਭੇਟ ਕੀਤੇ । 1956 ਵਿਚ ਪੰਜਾਬ ਵਿਚ ਹੜ੍ਹਾਂ ਨਾਲ ਹੋਈ ਤਬਾਹੀ ਸਮੇਂ ਘਰ-ਘਰ ਜਾ ਕੇ ਹੜ੍ਹ ਪੀੜਤਾਂ ਨੂੰ ਅੰਨ, ਬਸਤਰ ਤੇ ਤੰਬੂ ਆਦਿ ਦੇ ਕੇ ਬਚਾਇਆ ।

ਆਪ ਜੀ ਨੇ ਕੁਰਾਹੇ ਪਈ ਭੁੱਲੀ ਭਟਕੀ ਮਨੁਖਤਾ ਦੀ ਬਾਂਹ ਫੜਨ ਲਈ ਦੇਸ਼ਾਂ ਪ੍ਰਦੇਸ਼ਾਂ ਦਾ ਦੌਰਾ ਕੀਤਾ । ਦੱਸਿਆ ਜਾਂਦਾ ਹੈ ਕਿ 22 ਵਾਰ ਥਾਈਲੈਂਡ, ਚਾਰਵਾਰ ਅਫਰੀਕਾ, ਇਕ ਵਾਰ ਸਿੰਘਾਪੁਰ ਅਤੇ ਭਾਰਤ ਦੇ ਵੱਖ-ਵੱਖ ਹਿੱਸਿਆਂ ਦਾ ਦੌਰਾ ਕਰਕੇ ਵਿਛੁੜੀਆਂ ਰੂਹਾਂ ਨੂੰ ਮੇਲਿਆ ਅਤੇ ਜਗਤ ਜਲੰਦੇ ਨੂੰ ਤਾਰਿਆ ।

ਅੱਜ ਜਿਵੇਂ ਕਿ ਦੇਸ਼ ਖੇਰੂੰ-ਖੇਰੂੰ ਦੇ ਰਾਹ ਤੇ ਹੈ, ਆਪਸ ਵਿਚ ਮਾਰਧਾੜ ਹੋ ਰਹੀ ਹੈ । ਬਾਹਰਲੀਆਂ ਤਾਕਤਾਂ ਸਾਡੇ ਦੇਸ਼ ਨੂੰ ਖਿੰਡਾਉਣ ਵਿਚ ਅੱਡੀ-ਚੋਟੀ ਦਾ ਜ਼ੋਰ ਲਗਾ ਰਹੀਆਂ ਹਨ । ਸਾਨੂੰ ਚਾਹੀਦਾ ਹੈ ਕਿ :

ਅਸੀਂ ਮਿਲਕੇ ਉਸ ਸਾਂਝੀ ਵਾਲਤਾ ਦੇ ਪ੍ਰਤੀਕ ਸਤਿਗੁਰੂ ਦਾ ਸੰਦੇਸ਼ ਘਰ-ਘਰ ਵਿਚ ਪਹੁੰਚਾਈਏ ਅਤੇ ਦੇਸ਼ ਵਿਚ ਸ਼ਾਂਤੀ ਲਿਆਈਏ ।

## ਮਿਹਰ ਨਿਗ੍ਹਾ ਕਰ ਪਾਰ ਉਤਾਰੇ

ਸ਼ਾਹੋਂ ਕੇ ਸ਼ਾਹ, ਦਿਲਦਾਰ ਦਇਆ ਸਿੰਧੂ ਦੀਨ ਦਇਆਲ ਜਹਾਨ ਕੇ ਵਾਲੀ
ਰੂਪ ਅਨੂਪ, ਅਗੰਮ ਸਰੂਪ, ਅਲਖ ਅਜੋਨੀ ਜੋਤ ਅਕਾਲੀ
ਵਡ ਪਰਤਾਪ ਕਾ ਜਾਪ ਮਿਟਾਵੇ ਪਾਪ ਸੰਤਾਪ, ਕਟੇ ਭ੍ਰਮ ਜਾਲੀ
ਹੋਤ ਨਿਹਾਲ ਦੀਦਾਰ ਨਿਹਾਰਤ 'ਮੁਕਤਾ' ਕਹੇ ਕੈਸੇ ਸੋਭਾ ਨਿਰਾਲੀ

ਪਾਵਨ ਪ੍ਰੇਮ ਪੁਨੀਤ ਪਵਿੱਤ੍ਰ, ਪ੍ਰੀਤ ਪ੍ਰੇਰਕ ਪਤਿਤ ਉਧਾਰੇ
ਦੇਖਤ ਦੀਦ ਕੋ ਦੂਰ ਭੈ ਨਾਸਨ ਦੇਖਤ ਹੀ ਸਭ ਦੁਖ ਨਿਵਾਰੇ
ਚਾਤ੍ਰਿਕ ਜੂਮਣ ਚਰਨ ਚੌਹਪਾਸੀਂ ਚੰਨ ਚੁਫੇਰ ਜਿਉਂ ਚਮਕਣ ਤਾਰੇ
ਸੇਵਿਆ ਸਰਧਾ ਜਿਉਂ ਜਿਸ ਸਵਾਮੀ, ਮੇਹਰ ਨਿਗ੍ਹਾ ਕਰ ਪਾਰ ਉਤਾਰੇ

(ਸੰਤ ਜੁਗਿੰਦਰ ਸਿੰਘ ਜੀ ਮੁਕਤਾ)

Sri Satguru Jagjit Singh Ji Elibrary NamdhariElibrary@gmail.com

ਦੋਹਰਾ : ਵਹਿਮੀ ਭਇਓ ਬਿਮਾਰ ਬਹੁ ਇਹੁ ਕੱਥ ਕੇ ਮਾਹੇ ।
ਕਹਿਓ ਜਾਹੁ ਸਤਿਗੁਰਾਂ ਕੋ ਅੰਤਮ ਜਿਓ ਦਰਸ਼ਨ ਚਾਹੇ ।
ਜਾਨੀਜਾਨ ਸਤਿਗੁਰੂ ਜੀ ਆਏ ਪਹੁੰਚੇ ਤੱਤਕਾਲ ਜਾਈ ।
ਵਜ਼ੀਰ ਸਿੰਘ ਰਤਨ ਸਿੰਘ ਮੋਹਕਮ ਸਿੰਘ ਜੀ ਨਾਲ ।

ਚੌਪਈ : ਵਹਿਮੀ ਨਿਕਟ ਪ੍ਰਭੂ ਜਬ ਆਏ, ਆਦਰ ਦੇ ਕਰ ਲਏ ਬਿਠਾਏ ।
ਵਹਿਮੀ ਸਿਰ ਚਰਨਨ ਪਰ ਧਰ ਕੇ, ਰੋਨ ਲਾਗਿਓ ਫੁਟ-ਫੁਟ ਕਰ ਕੇ ।
ਪ੍ਰਭੂ ਉਠਾਏ ਬੋਲੇ ਆ ਬੈਠਾ, ਅਬੀ ਕਾਮ ਬਹੁ ਕਰਨ ਹੈ ਤੈਨਾ ।
ਰਤਨ ਸਿੰਘ ਕਾਹੇ ਘਬਰਾਓ, ਅਭੀ ਤੇਰੇ ਸੇ ਰਤਨ ਬਨਾਓ ।
ਭੈਣੀ ਸਾਹਿਬ ਕ੍ਰਮ ਮੇਂ ਫਿਰ ਆਵੇ, ਏਹ ਔਖਧ ਪ੍ਰਗਟ ਹੋਏ ਜਾਵੇ ।
ਇਤਨੇ ਮੇ ਬਹੁ ਸੰਗਤ ਆਈ, ਗੁਰਬਚਨ ਸਿੰਘ ਕਰ ਆਇਓ ਧਾਈ ।
ਵਹਿਮੀ ਕਹੀਓ ਪ੍ਰਭ ਬਿਨੈ ਸੁਨੀਜੇ, ਸੁਤ ਗੁਰਬਚਨ ਸਿੰਘ ਕੋ ਦੀਜੇ ।
ਸੰਗਤ ਮੇਂ ਅਰਦਾਸ ਕਰਾਵੇ, ਪ੍ਰਭੂ ਕਹੀਓ ਪੂਰਨ ਹੋ ਜਾਵੇ ।
ਇਸ ਹੀ ਆਏ ਹੋਰ ਸਿੰਘ ਕਹਿਆ, ਗੁਰਬਚਨ ਸਿੰਘ ਪਰ ਕਰੀਓ ਦਯਾ ।
ਏ ਤੋ ਅਰਜ਼ ਭਈ ਮਨਜ਼ੂਰ, ਹਮ ਕਰ ਬੋਲੇ ਇਸ ਹਜ਼ੂਰ ।
ਫਿਰ ਸੌਂ ਆਏ ਫਿਰ ਚਲ ਗਏ, ਕਿਓ ਹਹਿਮੀ ਨੂੰ ਵਹਿਮ ਸੀ ਪੈ ।
ਔਸ ਦੇਖਨ ਨੂੰ ਮਾਨਵ ਚਲੇ, ਪਿੰਡ ਤੋਂ ਬਾਹਰ ਔਜ ਨਾ ਚਲੇ ।
ਵਹਿਮੀ ਭੈਣੀ ਸਾਹਿਬ ਪਧਾਰਾ, ਔਖਧ ਨਾਹੀਂ ਮਿਲੇ ਵਿਚਾਰਾ ।
ਦਰਸ਼ਨ ਕਰਤੇ, ਠੀਕ ਹੋਣ ਗਿਆ, ਤਨ ਮੇ ਕਸ਼ਟ ਰੰਚਕ ਨਾ ਰਹਾ ।
ਗੁਰਬਚਨ ਸਿੰਘ ਕੀ ਚਿਠੀ ਆਈ, ਪ੍ਰਭ ਜੀ ਹਮਰੀ ਵੇਲ ਵਧਾਈ ।
ਵਹਿਮੀ ਪ੍ਰਭ ਢਿਗ ਦੌੜਿਓ ਕਹਿਓ, ਆਜ ਖੁਸ਼ੀ ਕਾ ਅੰਤ ਨਾ ਰਹਿਓ ।
ਰਾਮਪੁਰੀ ਪ੍ਰਭ ਭਏ ਪ੍ਰਸੰਨ, ਵਹਿਮੀ ਕਹੇ ਬਹੁ ਧੰਨ-ਧੰਨ ।

ਸੰਤ ਰਤਨ ਸਿੰਘ ਜੀ ਵਹਿਮੀ ਤੇ ਕਿਰਪਾ ਕਰਨੀ

ਸੰਤ ਗੁਰਬਚਨ ਸਿੰਘ ਜੀ ਨੂੰ ਪੁਤਰ ਦੀ ਦਾਤ ਬਖਸ਼ਣੀ

( ਸੰਤ ਗੁਰਬਖਸ਼ ਸਿੰਘ ਜੀ ਰਾਮਪੁਰੀ

## ਮੇਰੀ ਅਰਦਾਸ

ਆਪ ਨਾਲੋਂ ਨ ਟੁੱਟੇ ਸਤਿਗੁਰ, ਇਹੋ ਮੇਰੀ ਅਰਦਾਸ ।
ਏਥੇ ਓਥੇ, ਅੰਦਰ ਬਾਹਰ, ਰਹਾਂ ਚਰਨਾਂ ਦੇ ਪਾਸ ।
ਨਾਮ ਬਾਣੀ ਤੇ ਸਿਦਕ ਸਭ ਕੁਝ, ਨਿਭ ਜੇ ਸੁਆਸ ਸੁਆਸ ।
ਮਨ ਮੰਦਰ ਵਿਚ ਸਦ ਹੀ ਹੋਵੇ, ਤੇਰਾ ਮੁਹਣਾ ਵਾਸ ।

( ਸੰਤ ਹਰਬੰਸ ਸਿੰਘ ਜੀ ਥਾਮਸਨ ਫਾਲ )

Sri Satguru Jagjit Singh Ji Elibrary NamdhariElibrary@gmail.com

ਕੀ ਨਾਮਧਾਰੀ ਅਤੇ ਕੀ ਅਨਧਰਮੀ ਜਿਸ ਨੇ ਇਕ ਵਾਰ ਵੀ, ਆਪ ਜੀ ਦੇ ਦਰਸ਼ਨ ਕੀਤੇ ਉਹ ਆਪ ਜੀ ਦੇ ਨੂਰਾਨੀ ਅਤੇ ਆਕਰਸ਼ਕ ਮੁਖੜੇ ਨੂੰ ਤਕ ਕੇ ਮੋਹਿਆ ਗਿਆ। ਇਥੇ ਮੈਂ ਇਕ ਸੇਠ ਖਜ਼ਾਨ ਸਿੰਘ ਜੀ ਇਸਮਾਫ਼ ਵਲੋਂ ਲਿਖੀ ਹੋਈ ਇਕ ਸਾਖੀ ਸੰਖੇਪ ਵਿਚ ਲਿਖਦਾ ਹਾਂ :-

ਸੇਠ ਜੀ ਨੇ ਆਪਣੇ ਵੱਡੇ ਸਪੁੱਤਰ ਸੇਠ ਅਵਤਾਰ ਸਿੰਘ ਜੀ ਦੇ ਜਨਮ ਦੀ ਖੁਸ਼ੀ ਵਿਚ ਨਾਲੇ ਮੂਸੇ (ਪੰਜਾਬ) ਇਕ ਮੇਲਾ ਕੀਤਾ। ਮਿਥੀ ਹੋਈ ਤਾਰੀਕ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਲੇ ਮੂਸੇ ਦੀ ਧਰਤੀ ਆਪਣੇ ਪਵਿੱਤ੍ਰ ਚਰਨ ਕੰਵਲਾਂ ਦੀ ਛੋਹ ਦੁਆਰਾ ਪਵਿੱਤ੍ਰ ਕੀਤਾ। ਸੱਚੇ ਪਾਤਸ਼ਾਹ ਜੀ ਦੇ ਨਾਲ ਹਜ਼ੂਰੀ ਕੀਰਤਨੀ ਜਥੇ ਦੇ ਨਾਲ, ਸੰਤ ਭਗਤ ਸਿੰਘ ਜੀ ਦਾਤੇ ਵਾਲ, ਸੰਤ ਮੰਗਲ ਸਿੰਘ ਜੀ ਅਰਸ਼ੀ ਫ਼ਰਿਸ਼ਤਾ, ਸ੍ਰੀ ਚਕ੍ਰਵਰਤੀ ਜੀ ਅਤੇ ਹੋਰ ਕਈ ਸੰਤ ਆਏ ਸਨ। ਨਾਲੇ ਮੂਸੇ ਨਾਮਧਾਰੀਆਂ ਦੇ ਘਰ ਸਿਰਫ਼ ਚਾਰ ਪੰਜ ਹੀ ਸਨ ਅਤੇ ਅਕਾਲੀ ਵੀਰਾਂ ਦੇ ਘਰਾਂ ਨਾਲ ਤਾਂ ਸ਼ਹਿਰ ਹੀ ਭਰਿਆ ਪਇਆ ਸੀ। ਦੋਵੇਂ ਵੇਲੇ ਕੀਰਤਨ ਹੁੰਦਾ ਅਤੇ ਲੈਕਚਰ ਹੁੰਦੇ। ਅਕਾਲੀ ਵੀਰ ਅਤੇ ਸਹਿਜਧਾਰੀ ਵੀਰ ਵੀ ਦੀਵਾਨ ਵਿਚ ਆਉਂਦੇ। ਇਕ ਦਿਨ ਸ਼ਹਿਰ ਵਿਚ ਢੰਡੋਰਾ ਫੇਰਿਆ ਗਿਆ ਕਿ ਅੱਜ ਸੰਤ ਭਗਤ ਸਿੰਘ ਜੀ, ਦੇਹਧਾਰੀ ਗੁਰੂ ਦੀ ਹੋਂਦ ਤੇ ਲੈਕਚਰ ਕਰਨਗੇ। ਪੰਡਾਲ ਸੰਗਤ ਨਾਲ ਭਰਪੂਰ ਹੋ ਗਿਆ। ਅਕਾਲੀ ਵੀਰ ਵੀ ਬਹੁਤ ਆਏ ਸਨ ਉਨ੍ਹਾਂ ਦਾ ਇਕ ਆਗੂ ਬੜਾ ਮੁਤੱਸਬੀ ਸੀ, ਉਹ ਉਨ੍ਹਾਂ ਦਾ ਪਰਚਾਰਕ ਸੀ ਅਤੇ ਦੇਹਧਾਰੀ ਗੁਰੂ ਦੇ ਖਿਲਾਫ਼ ਪਰਚਾਰ ਕਰਿਆ ਕਰਦਾ ਸੀ। ਸਿਰ ਤੇ ਕਾਲੀ ਦਸਤਾਰ ਅਤੇ ਗਾਤਰੇ ਕ੍ਰਿਪਾਨ ਧਾਰਨ ਕੀਤੀ ਹੋਈ ਸੀ। ਪਤਾ ਨਹੀਂ ਸਤਿਗੁਰੂ ਜੀ ਨੇ ਕੀ ਖੇਡ ਵਰਤਾਈ ਕਿ ਉਹ ਸੱਜਣ ਆਪਣੀ ਜਗਾਹ ਤੋਂ ਬੜੀ ਤੇਜ਼ੀ ਨਾਲ ਉੱਠ ਕੇ ਸਤਿਗੁਰੂ ਜੀ ਦੇ ਸਾਮ੍ਹਣੇ ਆ ਗਿਆ, ਦੋਵੇਂ ਗੋਡੇ ਮੱਥੇ ਮਾਰ ਕੇ ਸਤਿਗੁਰਾਂ ਨੂੰ ਨਿਮ੍ਰਤਾ ਸਹਿਤ ਨਮਸਕਾਰ ਕਰਕੇ ਹੱਥ ਜੋੜ ਕੇ ਬੇਨਤੀ ਕੀਤੀ

## " ਬਾਬਾ ਜੀ, ਮੈਂ ਬਖਸ਼ਸ਼ ਦਾ ਜਾਚਕ ਹਾਂ

ਇਹ ਵੇਖਦਿਆਂ ਸਾਰ ਹੀ ਅਕਾਲੀ ਵੀਰ ਉਸ ਤੇ ਟੁੱਟ ਕੇ ਮਗਰ ਪੈ ਗਏ ਕਿ ਤੂੰ ਤੇ ਅਕਾਲੀ ਅਸੂਲਾਂ ਦਾ ਤਾਂ ਸੱਤਿਆਨਾਸ ਹੀ ਕਰ ਦਿੱਤਾ ਹੈ। ਤੂੰ ਤਾਂ ਰੋਜ਼ ਦੇਹਧਾਰੀ ਗੁਰੂ ਦੇ ਖਿਲਾਫ਼ ਪਰਚਾਰ ਕਰਦਾ ਹੁੰਦਾ ਹੈਂ ਅਤੇ ਹੁਣ, ਆਪ ਹੀ ਦੇਹਧਾਰੀ ਗੁਰੂ ਕੋਲੋਂ ਬਖਸ਼ਸ਼ ਮੰਗਦਾ ਹੈਂ। ਉਸ ਨੇ ਉੱਤਰ ਦਿੱਤਾ:

" ਭਰਾਵੋ, ਮੇਰੇ ਵੱਸ ਦੀ ਗੱਲ ਨਹੀਂ ਰਹੀ, ਏਸ ਬਾਬਾ ਜੀ ਦੇ ਦਰਸ਼ਨ ਨੇ ਮੇਰੇ ਹਿਰਦੇ ਅੰਦਰ ਇਕ ਐਸੀ ਧਰੂਹ ਪੈਦਾ ਕਰ ਦਿੱਤੀ ਹੈ ਕਿ ਮੈਂ ਸਭ ਨੂੰ ਭੁੱਲ ਹੀ ਨਹੀਂ ਗਿਆ ਸਗੋਂ ਇਨ੍ਹਾਂ ਦੇ ਚਰਨ ਕੰਵਲਾਂ ਦੀ ਧੂੜ ਲਈ ਮਨ ਉਤਾਵਲਾ ਹੋ ਗਿਆ ਹੈ

## ਦਰਸ਼ਨ ਦੇਖਤ ਹੀ ਸੁਧ ਕੀ ਨ ਸੁਧ ਰਹੀ
## ਬੁਧਿ ਕੀ ਨ ਬੁਧਿ ਰਹੀ, ਮਤਿ ਮੇਂ ਨ ਮਤਿ ਹੈ

Sri Satguru Jagjit Singh Ji Elibrary NamdhariElibrary@gmail.com

# ਹੱਡ ਬੀਤੀ ( ਚਿਤਰੇ ਤੋਂ ਰੱਖਿਆ )

NO. 16

[ਸੰਤ ਦਲੀਪ ਸਿੰਘ ਜੀ ਹਿਸਾਰ]

੧੯੪੧ ਈਸਵੀ ਦੀ ਗਲ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਨੇਕਾਂ ਹੋਰ ਨਾਮਧਾਰੀਆਂ ਨਾਲ ਪਹਾੜਾਂ ਵਿਚ, ਕੁਝ ਚਿਰ, ਨਿਵਾਸ ਲਈ ਗਏ। ਮੈਂ ਵੀ ਉਸ ਸਮੇ ਸੰਤ ਆਲਾ ਸਿੰਘ ਜੀ ਤੇ ਸੂਬਾ ਚਰਿਆਮ ਸਿੰਘ ਜੀ ਸਮਸਾ ਵਾਲਿਆਂ ਨਾਲ ਮੰਡੀ ਵਿਖੇ ਹੀ ਰਹਿੰਦਾ ਸਾਂ।

ਮੰਡੀ (ਹਿਮਾਚਲ ਪ੍ਰਦੇਸ਼) ਸ਼ਾਮ ਦੇ ਦੀਵਾਨ ਵਿਚ ਬੈਠਿਆਂ ਸਚੇ ਪਾਤਿਸ਼ਾਹ ਜੀ ਨੇ ਸੰਤ ਆਲਾ ਸਿੰਘ ਜੀ ਤੇ ਸੰਤ ਹਾਕਮ ਸਿੰਘ ਜੀ ਕਾਲੇਕਿਆਂ ਵਾਲਿਆਂ ਨਾਲ ਬਚਨ ਕੀਤਾ ਸਵੇਰੇ ਸੁਕੇਤ (ਪਹਾੜੀ ਰਾਜੇ ਦਾ ਸ਼ਹਿਰ) ਚਲਣਾ ਹੈ। ਜੇ ਸਵੇਰੇ ਬਾਰਸ਼ ਹੋਗਈ ਤਾਂ ਰੱਤੀ ਖੱਡ ਤੋਂ ਅਗੇ ਮੋਟਰ ਨਹੀਂ ਜਾ ਸਕੇਗੀ। ਕਿਸੇ ਸਿੰਘ ਨੂੰ ਭੇਜਕੇ ਘੋੜੇ ਰੱਤੀ ਖੱਡ ਤੇ ਮੰਗਵਾ ਲਈਏ। ਮੋਟਰ ਉਰਲੇ ਕੰਢੇ ਛਡਕੇ, ਪਰਲੇ ਕੰਢਿਓਂ ਘੋੜੇ ਲੈਕੇ ਸੁਕੇਤ ਪਹੁੰਚ ਜਾਵਾਂਗੇ।

ਏਹ ਬਚਨ ਕਰਕੇ ਸਤਿਗੁਰਾਂ ਮੈਨੂੰ ਬੁਲਾਕੇ ਹੁਕਮ ਦਿਤਾ— ਤੂੰ ਸਾਈਕਲ ਲੈ ਜਾ ਤੇ ਦੋ ਬੈਟਰੀਆਂ ਵੀ ਨਾਲ ਖੜੀਂ। ਸੁਕੇਤ ਦੇ ਉਰਲੇ ਪਾਸੇ ਗੱਜਣ ਸਿੰਘ, ਲਾਲ ਸਿੰਘ ਡਰਾਈਵਰ ਦਾ ਭਰਾ ਝੁਗੀਆਂ ਵਿਚ ਰਹਿੰਦਾ ਹੈ। ਜੇਕਰ ਸੁਕੇਤ ਘੋੜੇ ਆ ਗਏ ਹੋਏ ਤਾਂ ਦੋਵੇਂ ਜਣੇ ਚਾਰ ਘੋੜੇ ਰੱਤੀ ਖੱਡ ਤੇ ਲੈ ਆਇਓ। ਤੇ ਜੇ ਨਾ ਆਏ ਹੋਏ ਤਾਂ ਗੱਜਣ ਸਿੰਘ ਨੂੰ ਜਾਂਦਾ ਹੀ ਬਲਾਸਪੁਰ ਭੇਜ ਦੇਈਂ। ਉਹ ਘੋੜੇ ਲੈਕੇ ਕੱਲ ਨੂੰ ਸੁਕੇਤ ਆ ਜਾਵੇ।

ਸਤਿ ਬਚਨ ਆਖਕੇ ਮੈਂ ਦੀਵਾਨ ਵਿਚੋਂ ਆਕੇ ਸਾਈਕਲ ਤਿਆਰ ਕੀਤਾ। ਕਈ ਅਧਾ ਘੰਟਾ ਲਗ ਗਿਆ। ਸੂਰਜ ਡੁਬਣ ਨੂੰ ਸੀ। ਮੈਂ ਤਿਆਰ ਹੋਕੇ ਜਾ ਫਿਰ ਮੱਥਾ ਟੇਕਿਆ। ਸਤਿਗੁਰੂ ਜੀ ਨੇ ਪੁਛਿਆ— ਦਲੀਪ ਸਿੰਘਾ ਬੈਟਰੀ ਲੈ ਲਈਊ?

"ਦੋ ਲੈ ਲਈਆਂ ਹਨ ਦੀਨ ਦਿਆਲ"

"ਭਾਈ, ਜੇ ਕੋਈ ਜੰਗਲੀ ਜਾਨਵਰ ਮਿਲੇ ਤਾਂ ਚਾਨਣ ਕਰੀਂ। ਜੰਗਲੀ ਜਾਨਵਰ ਅਗ ਤੋਂ ਡਰਦਾ ਹੈ।"

ਮੇਰੇ ਮੰਡੀਓਂ ਨਿਕਲਦਿਆਂ ਚੰਗਾ ਹਨੇਰਾ ਹੋ ਗਿਆ। ਬਤੀਆਂ ਜਗ ਪਈਆਂ। ਅਚਾਨਕ ਲਹਿੰਦਿਓਂ ਬਿਜਲੀ ਲਿਸ਼ਕੀ ਤੇ ਪਲ ਦੀ ਪਲ ਵਿਚ ਹਨੇਰਾ ਸੰਘਣਾ ਹੋ ਗਿਆ। ਬਦਲ ਛਾ ਗਏ। ਹਥ ਪਸਾਰਿਆਂ ਨਜ਼ਰ ਨਾ ਆਵੇ। ਮੁੱਖ ਨਾਲ ਸੋਣ ਭਾਦਰੋਂ ਦੇ ਦਿਨ ਸਨ। ਮੈਂ ਸਾਈਕਲ ਧੂਹੀ ਜਾ ਰਿਹਾ ਸਾਂ। ਪਰ ਮੇਰੇ ਅੰਦਰ ਡਰ ਦੀਆਂ ਚਰਨਾਟਾਂ ਬਾਰ ਬਾਰ ਉਠ ਰਹੀਆਂ ਸਨ। ਸੰਤ ਆਲਾ ਸਿੰਘ ਜੀ ਇਕ ਦੋਹਾ ਬੜੇ ਵੈਰਾਗ ਨਾਲ ਪੜ੍ਹਿਆ ਕਰਦੇ ਸਨ। ਮੈਨੂੰ ਉਹ ਯਾਦ ਆਇਆ:

ਜਿਥੇ ਤੇਗਾਂ ਲਿਸ਼ਕ ਦੀਆਂ ਸਾਂਗਾਂ ਦੀ ਹੋਵੇ ਗਹੀਰ।
ਓਥੇ ਸਤਿਗੁਰ ਚਾਹੀਦਾ ਜਿਥੇ ਅਉਖੀ ਬਣਦੀ ਭੀੜ।

ਮੈਂ ਹੌਲੀ ਹੌਲੀ ਮੂੰਹ ਵਿਚ ਏਹ ਤੁਕਾਂ ਪੜ੍ਹੀ ਵਾਹੋ ਦਾਹੀ ਰਿੜ੍ਹਿਆ ਜਾ ਰਿਹਾ ਸਾਂ। ਕਦੀ ਸਾਈਕਲ ਤੋਂ ਉਤਰ ਕੇ ਤੁਰਨਾ ਪੈਂਦਾ, ਕਦੇ ਫੇਰ ਹਿੰਮਤ ਧਾਰਕੇ ਸਾਈਕਲ ਸਵਾਰ ਹੋ ਜਾਂਦਾ। ਅਜੇ ਮੈਂ ਮੰਡੀਓਂ ੩ ਕੁ ਮੀਲ ਦੇ ਫਾਸਲੇ ਤੇ ਹੀ ਹੋਵਾਂਗਾ ਕਿ ਇਕ ਚਿਤਰਾ ਸੜਕ ਵਿੱਚ ਖਲੋਤਾ ਨਜ਼ਰ ਪਿਆ। ਉਸ ਨੂੰ ਵੇਖਦਿਆਂ ਹੀ ਮੇਰੇ ਹਥਾਂ ਦੇ ਤੋਤੇ ਉਡ ਗਏ। ਸਰੀਰ ਕਿਰਨ ਲਗ ਪਿਆ। ਸਾਹ ਸਤ ਉਡਦਾ ਜਾਪਿਆ। ਪਰ ਮੈਂ ਹਿੰਮਤ ਇਕੱਠੀ ਕਰਕੇ ਦੋਵੇਂ ਬੈਟਰੀਆਂ ਜਗਾ ਕੇ ਚਿਤਰੇ ਤੇ ਚਾਨਣ ਸੁੱਟਿਆ। ਚਿਤਰਾ ਚੋਰਨ ਖੱਡ ਵੱਲ ਨੂੰ ਉਤਰ ਗਿਆ। ਮੇਰੀ ਜਾਨ ਵਿਚ ਜਾਨ ਤਾਂ ਆਈ ਪਰ ਲੱਤਾਂ ਫੁੱਲ ਫੁਲ ਜਾਣ, ਤੁਰਨੋਂ ਆਕੀ ਹੋ ਗਈਆਂ। ਭਜਨ ਬੜਾ ਹੋਣ ਲਗਾ ਮੂੰਹ ਮੀਟਿਆਂ ਵੀ ਹੁੰਦਾ ਰਹੇ। ਅੱਗਾ ਪਿਛਾ ਵੇਖਕੇ ਫਿਰ ਤਾਕਤ ਕੱਠੀ ਕਰ ਤੁਰਨ ਲੱਗਾ। ਅਜੇ ਦੋ ਕੁ ਫਰਲਾਂਗ ਹੀ ਗਿਆ ਹੋਵਾਂਗਾ ਕਿ ਚਿਤਰਾ ਫੇਰ ਸੜਕ ਵਿਚਕਾਰ ਖਲੋਤਾ ਨਜ਼ਰੀਂ ਪੈ ਗਿਆ। ਜੀ ਭਿਆਣੇ ਮੈਂ ਫਿਰ ਦੋਵੇਂ ਬੈਟਰੀਆਂ ਜਗਾਈਆਂ। ਬਦਕਿਸਮਤੀ ਨੂੰ ਇਕ ਬੈਟਰੀ ਦਾ ਬਲਬ ਸੜ ਗਿਆ। ਪਰ ਚਿਤਰਾ ਪਹਾੜੀਆਂ ਵਿਚ ਚੜ੍ਹ ਗਿਆ। ਮੇਰੀ ਜਿੰਦ ਨੂੰ ਬਣ ਗਈਆਂ। ਬਾਰ ਬਾਰ ਕਿਆਸ ਆਵੇ ਕਿ ਅੱਜ ਆਖਰੀ ਰਾਤ ਹੈ ਮੇਰੀ ਜ਼ਿੰਦਗੀ ਦੀ। ਅਗਲਿਆਂ ਪਿਛਲਿਆਂ ਨੂੰ ਮੇਰੀ ਮੁਸੀਬਤ ਦਾ ਕੋਈ ਪਤਾ ਨਹੀਂ ਲਗਣਾ ਤੇ ਮੇਰਾ ਭੋਗ ਪੈ ਜਾਣਾ ਹੈ।

ਕਿਣ ਮਿਣ ਤਾਂ ਕੋਈ ਨਾ ਹੋਈ। ਰਾਤ ਦੀ ਕਾਲਖ ਆਖੇ ਮੇਰੀ ਅੱਜ ਹੀ ਵਾਰੀ ਹੈ। ਤੁਰੇ ਜਾਂਦਿਆਂ ਸੜਕ ਉਪਰ ਕੁਝ ਝੁਗੀਆਂ ਦਿਸੀਆਂ। ਸਾਹ ਵਿੱਚ ਸਾਹ ਆਇਆ। ਝੁਗੀਆਂ ਨੂੰ ਮੈਂ ਬੜੀ ਤਾਕਤ ਨਾਲ ਪਾਰ ਕੀਤਾ। ਪਰ ਅਜੇ ਮੇਰੀ ਪਰੀਖਿਆ ਹੋਰ ਹੋਣੀ ਸੀ।

ਝੁਗੀਆਂ ਤੋਂ ਕਰੀਬ ਡੇਢ ਕੁ ਮੀਲ ਦੀ ਵਿਥ ਤੇ ਗਿਆ ਸਾਂ ਕਿ ਫੇਰ ਚਿਤਰਾ ਸੜਕ ਤੇ ਖਲੋਤਾ ਦਿਸਿਆ। ਭਜਨ ਕਰਨ ਲਈ ਰਸਨਾ ਟਕ ਟਕ ਚੱਲਣ ਲਗ ਪਈ। ਹਿਰਦੇ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮੂਰਤ ਉਜਾਗਰ ਹੋ ਗਈ। ਮੈਂ ਹਿੰਮਤ ਕਰਕੇ ਬੈਟਰੀ ਜਗਾਈ। ਦੂਜੀ ਦਾ ਤਾਂ ਭੋਗ ਹੀ ਪੈ ਚੁਕਾ ਸੀ। ਚਿਤਰਾ ਸੜਕ ਤੇ ਹੀ ਮੂੰਹ ਪਰੇ ਕਰਕੇ ਖਲੋ ਗਿਆ। ਮੇਰੇ ਲਈ ਤਾਂ ਸ਼ਾਮਤ ਆ ਗਈ। ਚਿਤਰਾ ਸੜਕੋਂ ਨਾ ਹਿਲਿਆ ਤਾਂ ਮੈਂ ਕੀਕਰ ਅਗਾਂਹ ਲੰਘਾਂਗਾ। ਜੇ ਮੇਰੇ ਵਲੋਂ ਖੜਾਕ ਹੋਇਆ ਤਾਂ ਚਿਤਰਾ ਮੈਨੂੰ ਜੀਉਂਦਿਆਂ ਨਹੀਂ ਛਡਨ ਲਗਾ। ਮੈਂ ਕਿਥੇ ਲੁਕਾਂ। ਏਹ ਕਿਵੇਂ ਅਗਾਂਹ ਪਿਛਾਂਹ ਹੋਵੇ। ਬੈਟਰੀ ਫੇਰ ਮੈਂ ਚਿਤਰੇ ਵੱਲ ਸਿਧੀ ਕੀਤੀ ਪਰ ਬੇਅਰਥ।

ਅਜੇਹੀ ਮੁਸ਼ਕਲ ਸਮੇ ਖਿਆਲ ਬੜਾ ਤਿਖਾ ਤਿਖਾ ਕੰਮ ਕਰਦਾ ਹੈ। ਮੇਰੇ ਚਿਤ ਵਿੱਚ ਆਈ ਕਿ ਜੇ ਭਾਈ ਰਾਇ ਸਿੰਘ ਜੀ ਨੂੰ ਸ਼ੇਰ ਤੋਂ ਬਚਾਇਆ ਜਾ ਸਕਦਾ ਹੈ ਤਾਂ ਮੈਨੂੰ ਚਿਤਰੇ ਤੋਂ ਛੁਟਕਾਰਾ ਨਹੀਂ ਮਿਲ ਸਕਦਾ? ਸਤਿਗੁਰੂ ਰਾਮ ਸਿੰਘ ਜੀ ਨੇ ਰਾਇ ਸਿੰਘ ਦੀ ਅਰਦਾਸ ਸੈਂਕੜੇ ਕੋਹਾਂ ਤੋਂ ਸੁਣ ਲਈ ਸੀ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ੮-੧੦ ਮੀਲ ਤੋਂ ਮੇਰੀ ਅਰਦਾਸ ਨਹੀਂ ਸੁਨਣ ਗੇ?

ਮੇਰੇ ਅੰਦਰ ਕੁਝ ਤਾਕਤ ਇਕੱਠੀ ਹੋ ਗਈ। ਸਾਈਕਲ ਖੜਾ ਕਰਕੇ ਮੈਂ ਸਫਾ ਜੰਗ ਹਥ ਵਿਚ ਫੜ ਪੈਂਤੜਾ ਬੰਨ੍ਹਕੇ ਅਰਦਾਸ ਕਰਨੀ ਸ਼ੁਰੂ ਕਰ ਦਿਤੀ। ਸੁਰਤ ਮੇਰੀ ਟਿਕ ਗਈ। ਮਨ ਮੇਰਾ ਨਿਰਮਲ ਨੀਰ ਵਾਂਗ ਸਾਫ ਸੀ–ਨਿਗਾਹ ਮੇਰੀ ਚਿਤਰੇ ਦੇ ਬੇਖੋਫ ਸਰੀਰ ਤੇ ਫਿਰ ਰਹੀ ਸੀ। ਗੁਰੂ ਨਾਨਕ ਤੋਂ ਅਰੰਭ ਕੀਤੀ ਅਰਦਾਸ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਤਕ ਆਈ ਤਾਂ ਅੰਦ-ਰਲੀ ਫੋਟੋ ਅੰਦਰੋਂ ਹਟ ਗਈ। ਮੈਂ ਇਕ ਦਮ ਤ੍ਰਬਕ ਪਿਆ। ਸੁਰਤ ਸੰਭਲੀ। ਮੈਨੂੰ ਲਗਾ ਜਿਵੇਂ ਕੋਈ ਮੇਰੇ ਪਿਛੇ ਖਲਾ ਹੈ। ਮੇਰੇ ਖਬੇ ਮੋਢੇ ਤੇ ਹੱਥ ਰਖਦਿਆਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮੁਸਕਰਾ ਪਏ।–"ਕਿਉਂ ਡਰਦਾ ਏਂ, ਤੈਨੂੰ ਚਿਤਰਾ ਕੁਝ ਨਹੀਂ ਕਹਿੰਦਾ।" ਮੈਂ ਧੰਨ ਧੰਨ ਕਹਿੰਦਾ ਸਤਿ-ਗੁਰੂ ਜੀ ਦੇ ਚਰਨਾਂ ਤੇ ਡਿਗ ਪਿਆ।

ਪਤਾ ਨਹੀਂ ਕਿੰਨਾ ਚਿਰ ਚਰਨਾਂ ਤੇ ਸਿਰ ਰਖੀ ਪਿਆ ਰਿਹਾ। ਉਠਣ ਤੇ ਵੇਖਿਆ ਕਿ ਨਾ ਸਾਹਵੇਂ ਚਿਤਰਾ ਹੈ ਤੇ ਨਾ ਪਿੱਛੇ ਸਤਿਗੁਰੂ। ਪਰ ਮੇਰੇ ਅੰਦਰ ਜੋਸ਼ ਤੇ ਤਾਕਤ ਆ ਗਈ। ਸਾਈ-ਕਲ ਫੜਿਆ ਤੇ ਰੱਤੀ ਖੱਡ ਲਾਗੇ ਪਹੁੰਚ ਹੀ ਪਿਆ।

ਉਰਾਰ ਠਾਣਾ ਸੀ। ਉਹਨਾਂ ਫੜ ਲਿਆ ਕਿ ਅਧੀ ਰਾਤੀਂ ਮੈਂ ਕਿਉਂ ਭਉਂਦਾ ਫਿਰਦਾ ਸਾਂ। ਸਾਮਨੀ ਮੰਗੀ ਗਈ। ਸੰਤ ਪ੍ਰੀਤਮ ਸਿੰਘ ਜੀ ਪੱਦੀ ਵਾਲੇ ਨੇੜੇ ਹੀ ਸਨ ਉਹਨਾਂ ਨੇ ਮੇਰੀ ਸਾਮਨੀ ਦੇ ਕੇ ਮੈਨੂੰ ਵਿਹਲਿਆਂ ਕੀਤਾ। ਪ੍ਰੀਤਮ ਸਿੰਘ ਜੀ ਨੂੰ ਮੈਂ ਦਸਿਆ ਕਿ ਸਤਿਗੁਰੂ ਜੀ ਸਵੇਰੇ ਸੁਕੇਤ ਆ ਰਹੇ ਹਨ। ਉਹ ਵੀ ਮੇਰੇ ਨਾਲ ਰਾਤੀਂ ਹੀ ਸੁਕੇਤ ਨੂੰ ਤੁਰ ਪਏ। ਪ੍ਰੀਤਮ ਸਿੰਘ ਜੀ ਤੇ ਮੈਂ ਸਾਰੇ ਰਾਹ ਘੋੜਿਆਂ ਦੀ ਪੈੜਚਾਪ ਸੁਣਦੇ ਗਏ–ਪਰ ਸਾਡੇ ਖਲੋਣ ਨਾਲ ਉਹ ਪੈੜਚਾਪ ਵੀ ਰੁਕ ਜਾਂਦੀ।

ਰਾਤ ਦੇ ੩ ਵਜ ਚੁਕੇ ਜਾਪਦੇ ਸਨ। ਬਿਜਲੀ ਚਮਕ ਰਹੀ ਸੀ। ਅਸੀਂ ਅੰਤ ਨੂੰ ਰਤਨ ਸਿੰਘ ਹੁਰਾਂ ਦੀਆਂ ਝੁਗੀਆਂ ਵਿੱਚ ਪਹੁੰਚ ਹੀ ਪਏ। ਮੀਂਹ ਹੁਣ ਹਨੇਰੀ ਤੇ ਬਾਰਸ਼ ਸ਼ੁਰੂ ਹੋ ਪਈ।

ਦਿਨ ਚੜ੍ਹੇ ਬਾਰਸ਼ ਥਮ ਗਈ। ਘੋੜੇ ਭਾਈ ਰਤਨ ਸਿੰਘ ਹੁਰਾਂ ਦੇ ਘਰ ਪਹੁੰਚ ਚੁਕੇ ਸਨ। ਅਸੀਂ ਦਿਨੇ ੮-੯ ਵਜੇ ਪੰਜ ਘੋੜੇ ਲੈਕੇ ਰੱਤੀ ਖੱਡ ਤੇ ਪਹੁੰਚੇ। ਨਦੀ ਜ਼ੋਰੀਂ ਵਗ ਰਹੀ ਸੀ। ਪਥਰਾਂ ਤੇ ਪੈਰ ਟਿਕਣੇ ਮੁਸ਼ਕਲ ਸਨ। ਪਾਣੀ ਦਾ ਰੋੜ੍ਹ ਪੈਰ ਹਿਲਾ ਦਿੰਦਾ ਸੀ। ਪਾਰਲੇ ਕੰਢੇ ਸਤਿ-ਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਸਾਥੀਆਂ ਨਾਲ ਨਦੀ ਵਿਚੋਂ ਲੰਘਣ ਨੂੰ ਤਿਆਰ ਖਲੇ ਸਨ।

ਸਤਿਗੁਰੂ ਜੀ ਪੈਦਲ ਹੀ ਨਦੀ ਪਾਰ ਕਰਨ ਲਗੇ। ਸਤਿਗੁਰੂ ਜੀ ਦੀਆਂ ਭੁਜਾਂ ਨਾਲ ਸੰਤ ਲਾਲ ਸਿੰਘ ਜੀ ਡਰੈਵਰ ਭਾਈ ਵਜ਼ੀਰ ਸਿੰਘ ਜੀ, ਸੰਤ ਰਤਨ ਸਿੰਘ ਜੀ ਲਾਂਗਰੀ ਸੰਤ ਆਲਾ ਸਿੰਘ ਜੀ ਵਰਨ ਸੰਤ ਹਾਕਮ ਸਿੰਘ ਜੀ ਕਾਲੇਕੇ ਤੇ ਸੰਤ ਵਰਿਆਮ ਸਿੰਘ ਜੀ ਸਮਸਾ ਇਹ ਛੀਵੇ ਸਰੀਰ ਇਕ ਦੂਜੇ ਦੀਆਂ ਬਾਹਾਂ ਦੇ ਆਸਰੇ ਨਾਲ ਨਦੀ ਦਾ ਪਾਣੀ ਚੀਰਦੇ ਆ ਰਹੇ ਸਨ। ਸਤਿਗੁਰੂ ਜੀ ਪਹਾੜੀ ਵਾਲੇ ਪਾਸੇ ਸਨ, ਜਿਧਰੋਂ ਪਾਣੀ ਦਾ ਵਹਿਣ ਆ ਰਿਹਾ ਸੀ। ਕੰਢੇ ਦੇ ਨੇੜੇ ਆਇਆਂ ਸੰਤ ਵਰਿਆਮ ਸਿੰਘ ਸਮਸਾ ਦੇ ਪੈਰ ਉਖੜ ਗਏ, ਉਹ ਕੁਝ ਚਿਰ ਥਿੜਕਦੇ ਹੀ ਗਏ। ਸਤਿਗੁਰੂ ਜੀ ਨੇ ਇਸ਼ਾਰਾ ਕਰਕੇ ਲਾਲ ਸਿੰਘ ਜੀ ਨੂੰ ਉਹਨਾਂ ਪਾਸ ਭੇਜਿਆ ਤੇ ਏਸਤਰਾਂ ਸੰਭਲ ਸੰਭਲ ਰੱਤੀ ਖੱਡ ਪਾਰ ਕੀਤੀ ਗਈ।

ਮੈਂ ਚਰਨੀ ਹੱਥ ਲਾਇਆ। ਸਤਿਗੁਰੂ ਜੀ ਨੇ ਫੌਰਨ ਪੁਛਿਆ "ਦਲੀਪ ਸਿੰਘਾ, ਚੰਗਾ ਅਪੜ ਗਿਆ ਸੈਂ।" ਮੈਂ ਚੌਂਸਣਾ ਹੀ ਸੀ। ਮੇਰੀਆਂ ਅਖੀਆਂ ਸ਼ਰਧਾ, ਪਿਆਰ ਤੇ ਖੁਸ਼ੀ ਨਾਲ ਛਰਨ ਛਰਨ ਵਗ ਪਈਆਂ। ਮਸਤੀ ਛਾ ਗਈ।

ਸਤਿਗੁਰ ਜੀ ਸੁਕੇਤ ਨੂੰ ਪੈਦਲ ਹੀ ਤੁਰ ਪਏ। ਸੰਗਤਾਂ ਹੋਰ ਵੀ ਨਾਲ ਜੁੜ ਗਈਆਂ। ਰੰਗ ਵਿੱਚ ਆਏ ਸਤਿਗੁਰੂ ਜੀ ਮਿਰਜ਼ੇ ਦੀ ਹੇਕ ਤੇ 'ਹਾਲ ਮੁਰੀਦਾਂ ਦਾ ਕਹਿਣਾ' ਗਾਉਂਦਿਆਂ ਵੈਰਾਗ ਵਿਚ ਹੋ ਗਏ। ਜੋ ਰਸ ਉਸ ਵਕਤ ਬਣਿਆ ਉਹ, ਅਨਭਵ ਗੋਚਰਾ ਹੀ ਸੀ, ਕਲਮ ਗੋਚਰਾ ਨਹੀਂ।

ਸੁਕੇਤ ਪਹੁੰਚ ਕੇ ਮੈਂ ਭਾਈ ਵਜ਼ੀਰ ਸਿੰਘ ਜੀ ਨਾਲ ਰਾਤ ਦੀ ਆਪ–ਬੀਤੀ ਸੁਣਾਈ। ਭਾਈ ਜੀ ਨੇ ਦਸਿਆ ਕਿ ਰਾਤੀਂ ੧੨ ਕੁ ਵਜੇ ਦੇ ਕਰੀਬ ਸਤਿਗੁਰੂ ਜੀ ਮੈਨੂੰ ਜਗਾਇਆ ਤੇ ਉਪਰ ਲਈ ਭਾਰਾ ਕਪੜਾ ਮੰਗਿਆ। ਮੈਂ ਭਾਰੀ ਲੋਈ ਉਪਰ ਦੇਂਦਿਆਂ ਜਦ ਚਰਨਾਂ ਨੂੰ ਛੂਹਕੇ ਵੇਖਿਆ ਤਾਂ ਉਹ ਠੰਢੇ ਯਖ ਸਨ ਤੇ ਗਿਲੇ ਜਿਵੇਂ ਰੂਏ ਜੀ ਬਿਆਸਾ ਤੋਂ ਚਰਨ ਧੋ ਕੇ ਆਏ ਹੋਣ।

(ਧੰਨ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ)

# ਨਿਰਾਲੀ ਸ਼ਾਨ ਵਾਲਾ

(ਸੰਤ ਬਿਸ਼ਨ ਸਿੰਘ ਜੀ ਹਿਸਟੋਰੀਅਨ

ਯੱਗ ਹੋਮ ਬੇਅੰਤ ਅੰਤ- ਬਿਨ ਨਾਮ ਜਪਾਇਆ । ਘੋੜੇ ਹੋ ਅਸਵਾਰ ਦੇਸ਼ਦਾ ਰਟਨ ਕਰਾਇਆ ।
ਵਿਛੜੇ ਮੇਲਨ ਲਈ ਸਿਖ-ਸੰਮੇਲ਼ ਰਚਾਇਆ । ਹਿੰਦੂਸਿਖ ਮਿਲਾਪਆਪਦੇ ਵਿਰਸੇ ਆਇਆ ।
ਸਿਰ ਸਿਧੀ ਦਸਤਾਰ ਮੁਖੜੇ ਨਾਮ ਦੀ ਲਾਲੀ । ਵਾਹਿਗੁਰੂ ਪ੍ਰਤਾਪ ਤੇਰੀ ਹੈ ਸ਼ਾਨ ਨਿਰਾਲੀ ।
ਵਿਸਰਿਆ ਸੰਗੀਤ ਰੀਤ ਗੁਰ ਘਰ ਦੀ ਭੁਲੀ । ਇਸਦੇ ਨਾਲ ਪਰੀਤ ਕਦਰ ਕਰ ਲਈ ਅਮੁਲੀ ।
ਗੁਰਬਾਣੀ ਦੇ ਪਾਠ ਸ਼ੁਧ ਦੀ ਚਰਚਾ ਭੁਲੀ । ਘਰ ਘਰ ਅੰਦਰ ਧਰਮਸਾਲ ਬਣ ਗਈ ਅਣਮੁਲੀ ।
ਮੇਲੇ ਰਚ ੨ ਗਊ- ਪਸ਼ੂ ਦੀ ਹੋਸ਼ ਸੰਭਾਲੀ । ਵਾਹਿਗੁਰੂ ਪ੍ਰਤਾਪ ਤੇਰੀ ਹੈ ਸ਼ਾਨ ਨਿਰਾਲੀ ।
ਕਰ ਚੰਡੀ ਦਾ ਪਾਠ ਸਵਾ ਲਖ ਹਵਨ ਕਰਾਏ । ਦਸਮਗ੍ਰੰਥ ਦੇ ਪਾਠ ਅਖੰਡ ਨਿਰਸੰਸ ਰਚਾਏ ।
ਸਤ ਸੌ ਆਦਿਅਖੰਡ ਬੀੜ ਵਿੱਚ ਖੂਬ ਨਿਭਾਏ । ਕਰੇ ਮੁਰੱਦੇ ਪਾਠ ਬਲੀ ਦੇ ਭਾਗ ਜਗਾਏ ।
ਸ਼ੁਭ ਸੰਧ ਦੀ ਰੀਤ ਚਲੀ ਜੋ ਧੁਰ ਤੋਂ ਚਾਲੀ । ਵਾਹਿ ਗੁਰੂ ਪ੍ਰਤਾਪ ਤੇਰੀ ਹੈ ਸ਼ਾਨ ਨਿਰਾਲੀ ।
ਜ਼ਿਲੇ ਜ਼ਿਲੇ ਵਿਚ ਪਾਠ ਸੈਂਕੜਿਆਂ ਬੱਧੀ ਕੀਤੇ । ਪਤਰਾ ਪਤਰਾ ਸਾਧ ਪਾਠ ਗੁਰ ਸੰਗਤਾਂ ਲੀਤੇ ।
ਤੁਕ ਤੁਕ ਕਰਕੇ ਪਾਠ ਸਵਾ ਲਖ ਕੀਤੇ ਜੀ ਤੇ । ਦੂਜੀ ਵਾਰੀ ਫੇਰ ਸਵਾ ਲਖ ਤੁਰੇ ਚੁਪੀਤੇ ।
ਭਜਨ ਕੰਰਨ ਦੀ ਜਾਚ ਸਤਿਗੁਰਾਂ ਆਪ ਸਿਖਾਲੀ । ਵਾਹਿ ਗੁਰੂ ਪ੍ਰਤਾਪ ਤੇਰੀ ਹੈ ਸ਼ਾਨ ਨਿਰਾਲੀ ।
ਉਤਰ ਦਖਣ ਦੇਸ਼ ਪੂਰਬੋਂ ਪਛਮ ਤਾਂਈਂ । ਕਰ ਕਰ ਦੌਰੇ ਆਪ ਤਾਰੀਆਂ ਸਾਰੀਂ ਥਾਈਂ ।
ਅਫਰੀਕਾ ਤੇ ਸਿਆਮ ਮਲਾਇਆ ਬਰਮਾ ਜਾਈਂ । ਦਰਸ਼ਨ ਦੇਕੇ ਆਪ ਕੱਟੀਆਂ ਸਭ ਬਲਾਈਂ ।
ਨਦਰੀ ਨਦਰ ਨਿਹਾਲ ਕਰੇ ਜੋ ਆਏ ਸਵਾਲੀ । ਵਾਹਿ ਗੁਰੂ ਪ੍ਰਤਾਪ ਤੇਰੀ ਹੈ ਸ਼ਾਨ ਨਿਰਾਲੀ ।
ਜੋਤ ਰਲਾਈ ਜੋਤ ਬੰਦ ਕਰ ਕੂਲ ਪਸਾਰਾ । ਆਪ ਹੋਇਆ ਨਿਰਲੇਪ ਤੋੜ ਕੇ ਮੋਹ ਗੁਬਾਰਾ ।
ਸੰਗਤ ਨੂੰ ਸੁਖ ਦੇਣ ਲਈ ਦੇ ਗਿਆ ਸਹਾਰਾ । 'ਮੈਂ ਜੇਹਾ ਹੀ ਓਹ' ਕਰ ਗਿਆ ਆਪ ਇਸ਼ਾਰਾ ।
'ਮਨ ਜੇਤੂ ਜਗਜੀਤ ਸਤਿਗੁਰੂ ਪੰਥ ਦਾ ਵਾਲੀ ।' ਵਾਹਿ ਗੁਰੂ ਪ੍ਰਤਾਪ ਤੇਰੀ ਹੈ ਸ਼ਾਨ ਨਿਰਾਲੀ ।

ਗੁਰ ਪ੍ਰਤਾਪ ਤੇਰੇ ਦੀਆਂ ਰਿਸ਼ਮਾਂ ਸਾਰਾ ਜਗ ਰੁਸ਼ਨਾਇਆ ।
ਅਸੀਂ ਨਿਮਾਣੇ ਕੀਟ ਉਸਲ੍ਹਪੈਂ, ਲੈ ਕੇ ਤੇਰਾ ਸਾਇਆ ।
ਤੂੰ ਪਰ ਸਦਾ ਦਿਆਲੂ ਹਿੱਠ, ਤੂਰਨ ਲੀਗਿਆਂ ਸਾਨੂੰ ।
ਆਪਣੀ ਜਿੰਦ ਜਗਜੀਤ ਦੇ ਰਿਹੋਂ ਕਰ ਸ਼ਿੰਗਾਰ ਸਵਾਇਆ ।

(ਸੰਤ ਸ਼ਿੰਗਾਰ ਸਿੰਘ ਜੀ ਸ਼ਿੰਗਾਰ)

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਪਵਿਤ੍ਰ ਸੇਵਾ ਵਿਚ ਬੇਨਤੀ

(ਸੇਠ ਤਰਲੋਕ ਸਿੰਘ ਜੀ)
ਰਾਵਲ

ਸਭਨਾਂ ਦਿਲਾਂ ਦੇ ਮਾਲਕ ਸਤਿਗੁਰ, ਦੁਨੀਆਂ ਦਾ ਮੈਂ ਮਾਲੀ।
ਸਿਖੀ ਸਿਦਕ ਭਰੋਸਾ ਦੇ ਕੇ ਭਰ ਦਿੱਤੀ ਝੋਲੀ ਖਾਲੀ।
ਅੱਠੇ ਪਹਿਰ, ਚੌਸਠ ਘੜੀ, ਤੇਰਾ ਨਾਮ ਧਿਆਵਾਂ।
ਬਾਗ ਤੇਰਾ ਹੈ ਖਿੜਿਆ ਦਾਤਾ, ਜਿਸ ਦਾ ਮੈਂ ਤੂੰ ਮਾਲੀ।

ਜਗਜੀਤ ਗੁਰੂ ਨੇ ਬਾਂਹ ਫੜੀ ਹੈ ਤੇਰੀ ਕਿਰਪਾ ਨਾਲ।
ਥੁੜ ਕਾਸੇ ਦੀ ਰਹਿਣ ਨ ਦਿੱਤੀ ਹੋ ਕੇ ਆਪ ਦਇਆਲ।
ਮਿੰਦਰ ਕੌਰ ਤੇਰੇ ਪਾਸ ਗਈ ਹੈ ਮੈਨੂੰ ਸਿਦਕ ਭਰੋਸਾ ਬਖਸ਼ੋ।
ਸੁਖਾਲੀ ਸਆਸੀਂ ਨਾਮ ਜਪਾਵੇ, ਨਿਭੇ ਜਗਜੀਤ ਗੁਰੂ ਦੇ ਨਾਲ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਵਿੱਤ੍ਰ ਸੇਵਾ ਵਿਚ ਅਰਜੋਈ

ਧ੍ਰੂਅ ਨੂੰ ਉਂਗਲ ਤੇ ਚਾ ਕੇ, ਸ੍ਰੀ ਗੋਕਲ ਆਪ ਬਚਾਈ।
ਕਸ਼ਟ ਸੁਦਾਮਾਂ ਜੀ ਦੇ ਕੱਟੇ, ਛਿਨ ਵਿਚ ਚਿੰਤ ਮੁਕਾਈ।
ਦ੍ਰੋਪਤੀ ਲਾਜ ਸਭਾ ਵਿਚ ਰਖੀ, ਤੰਦੂਏ ਤੋਂ ਹਾਥੀ ਛੁਡਾਇਆ।
ਜਿਥੇ ਭੀੜ ਬਣੀ ਭਗਤਾਂ ਨੂੰ, ਝਟ ਪਹੁੰਚੇ ਦੇਰ ਨ ਲਾਈ।

ਪ੍ਰਹਿਲਾਦ ਬਚਾਇਆ ਰਾਕਸ਼ ਤੋਂ, ਰਾਵਣ ਦੀ ਚੋਟ ਦੁਰਾਈ।
ਗਾਏ ਸਿੰਘ ਦੀ ਰਖਿਆ ਕੀਤੀ, ਮਾਂ ਸੁਖ ਨੂੰ ਲੈ ਆਈ।
ਮਹਿਮਾ ਤੇਰੀ ਕਹੀ ਨ ਜਾਵੇ, ਮੈਂ ਅਦਨਾ ਸੇਵਕ ਤੇਰਾ।
ਮੇਰੀ ਵਾਰੀ, ਏਨੀ ਦੇਰੀ, ਪ੍ਰੀਤਮ, ਛਿਨ ਲਗਾਈ।

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਮਹਿਮਾ ਅਪਰ ਅਪਾਰ ਹੈ। ਆਪ ਜੀ ਦਾ ਸਭ
ਮਿਸਰੀ ਦਾ ਪਹਾੜ ਹੈ। ਆਪ ਜੀ ਦਾ ਸਭ ਤੋਂ ਵਡਾ ਉਪਕਾਰ ਇਹ ਹੈ ਕਿ ਆਪ ਜੀ ਸਾਡੀ
ਬਾਂਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਫੜਾ ਗਏ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ
ਜੀ ਨੇ ਸਾਡੀ ਬਾਂਹ ਫੜ ਕੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਵਾਲਾ ਪਿਆਰ ਬਖਸ਼ਿਆ ਅਤੇ
ਹਰ ਪਾਸਿਓਂ ਕਿਰਪਾ ਕੀਤੀ ਅਤੇ ਕਰ ਰਹੇ ਹਨ

# ਮੇਰਾ ਵੈਦ ਗੁਰੂ ਗੋਬਿੰਦਾ

ਲੇਖਕ ਸੂ. ਪਿਆਰਾ ਸਿੰਘ ਜੀ ਵਿਰਦੀ

ਸੰਤ ਹਜ਼ਾਰਾ ਸਿੰਘ ਜੀ ਦੀ ਆਪ ਬੀਤੀ

"ਮੈਂ ਤੁਹਾਨੂੰ ਸੁਣਾਵਾਂ ਇੱਕ ਆਪ ਬੀਤੀ ਕਹਾਣੀ। ਸੰਮਨ ਤੇ ਮੂਸਣ ਵਰਗੀ।" ਸੰਤ ਹਜ਼ਾਰਾ ਸਿੰਘ ਜੀ ਕਿਹਾ।

ਸਾਰੇ ਹੈਰਾਨ ਸਨ ਕਿ ਇਹ ਕਿਸਤਰਾਂ ਦੀ ਕਹਾਣੀ ਹੋਵੇਗੀ। ਸੰਮਨ ਤੇ ਮੂਸਣ ਵਰਗੀ, ਤੇ ਫੇਰ ਅੱਜ ਕੱਲ ਦੇ ਸਮੇਂ ਵਿੱਚ। "ਸੁਣਾਓ ਜੀ ਸੁਣਾਓ ਜੀ" ਸਾਰਿਆਂ ਨੇ ਸੁਣਨ ਦੇ ਚਾਓ ਨਾਲ ਕਿਹਾ।

"੧੯੫੬ ਦੀ ਗਲ ਹੈ। ਸਿਆਲੂ ਦਿਨ ਸਨ। ਅਟੱਲ ਪ੍ਰਤਾਪੀ ਸਤਿਗੁਰੂ ਪਰਤਾਪ ਸਿੰਘ ਜੀ ਪਿੰਡ ਮੁਠੱਡਾ (ਜਲੰਧਰ) ਵਿਖੇ ਦਰਸ਼ਨ ਦੇ ਕੇ, ਪਾਪੀ ਅਪਰਾਧੀ ਜੀਆਂ ਨੂੰ ਤਾਰ ਰਹੇ ਸਨ। ਬੜੀ ਦੂਰੋਂ ਦੂਰੋਂ ਸੰਗਤ ਸਤਿਗੁਰਾਂ ਦੇ ਦਰਸ਼ਨਾਂ ਨੂੰ ਆ ਰਹੀ ਸੀ। ਦਰਸ਼ਨ ਕਰਕੇ ਆਪਣੇ ਸੰਕਟ ਨਵਿਰਤ ਕਰ ਰਹੀ ਸੀ।" ਸੰਤ ਹਜ਼ਾਰਾ ਸਿੰਘ ਜੀ ਸੁਣਾ ਰਹੇ ਸਨ, ਤੇ ਅਸੀਂ ਮਨ ਗੁਰ ਚਰਨਾਂ ਵਿੱਚ ਜੋੜੀ ਗੁਰ ਕਥਾ ਦਾ ਅਨੰਦ ਮਾਣ ਰਹੇ ਸਾਂ।

"ਮੈਂ (ਹਜ਼ਾਰਾ ਸਿੰਘ) ਵੀ ਆਪਣੇ ਪਰਵਾਰ ਨੂੰ ਨਾਲ ਲੈ ਕੇ ਗੁਰ ਦਰਸ਼ਨਾਂ ਨੂੰ ਮੁਠੱਡਾ (ਜਲੰਧਰ) ਪੁਜਾ ਹੋਇਆ ਸਾਂ। ਸ਼ਬਦ ਕੀਰਤਨ ਸੁਣਿਆਂ। ਸਾਧ ਸੰਗਤ ਦੇ ਦਰਸ਼ਨ ਕੀਤੇ। ਸਤਿਗੁਰ ਮਹਿਮਾ ਸੁਣੀ; ਇਹੋ ਜਿਹੇ ਸਤਿਜੁਗੀ ਨਜ਼ਾਰੇ ਨੂੰ ਦੇਖ ਕੇ ਰੂਹ ਹੋਰ ਵੀ ਹੋਰ ਹੋ ਗਈ। ਸੰਗਤ ਸਤਿਗੁਰਾਂ ਪਾਸ ਅਰਜ਼ ਕਰ ਰਹੀ ਸੀ ਆਪਣੇ ਆਪਣੇ ਨਗਰ ਚਰਨ ਪੁਆਉਣ ਵਾਸਤੇ। ਤੇ ਸਾਰਿਆਂ ਨੂੰ ਮਨਜ਼ੂਰੀ ਮਿਲ ਰਹੀ ਸੀ ਤੇ ਵਕਤ ਵੀ ਸੱਚੇ ਪਾਤਸ਼ਾਹ ਦੱਸ ਰਹੇ ਸਨ। ਮੈਂ ਸੋਚਿਆ ਕਿ ਮੇਰਾ ਪਿੰਡ ਬਹੁਤਾ ਦੂਰ ਨਹੀਂ ਤੇ ਹੈ ਵੀ ਸਰਨੈਲੀ ਸੜਕ ਉੱਤੇ, ਸਤਿਗੁਰਾਂ ਦਾ ਰਾਹ ਵੀ ਓਹੋ ਹੀ ਹੈ, ਸੋ ਮੈਂ ਵੀ ਸਤਿਗੁਰਾਂ ਸਾਹਿਬ ਨੂੰ ਜਾਣ ਵਾਸਤੇ। ਮੈਂ ਸਤਿਗੁਰਾਂ ਅਗੇ ਅਗੇ ਅਰਜ਼ ਕੀਤੀ, ਆਪਣੇ ਨਵੇਂ ਬਣਾਏ ਮਕਾਨ ਪਿੰਡ ਸ਼ਾਹਪੁਰ ਵਿੱਚ ਚਰਨ ਪਾਉਣ ਵਾਸਤੇ।

"ਹੁਣ ਤੇ ਵਕਤ ਨਹੀਂ" ਸਤਿਗੁਰਾਂ ਕਿਹਾ—"ਫੇਰ ਸਹੀ, ਹਜ਼ਾਰਾ ਸਿੰਘਾ!"

ਸਤਿ ਬਚਨ ਕਹਿਕੇ ਓਥੋਂ ਤਾਂ ਮੈਂ ਨਿਕਲ ਆਇਆ ਪਰ ਮਨ ਕਈ ਤਰ੍ਹਾਂ ਦੇ ਉਬਾਲੇ ਖਾਣ ਲਗਾ। ਕਿਹੋ ਜਿਹਾ ਇਮਤਿਹਾਨ ਲੈ ਰਹੇ ਹਨ ਅੱਜ ਸਤਿਗੁਰੂ ਜੀ। ਅੱਜ ਵੀ ਤੁਹਾਨੂੰ ਪਤਾ ਹੈ ਕਿ ਮੇਰੀ ਅਰਜ਼ ਮਨਜ਼ੂਰ ਨਹੀਂ ਹੋਈ। ਪਰ ਉਸ ਵੇਲੇ ਤਾਂ ਮੇਰੀ ਹਾਲਤ ਦੀਵਾਨਿਆਂ ਵਾਂਗ ਹੋ ਗਈ ਸੀ, ਮਨ ਨੂੰ ਬਹੁਤ ਸਮਝਾਇਆ ਪਰ ਇਹੋ ਚੰਚਲ ਮਨ ਕਿਥੋਂ ਸਮਝਣ ਵਾਲਾ ਸੀ। ਇਸੇ ਚੱਕਰ ਵਿੱਚ ਸ਼ਾਮ ਹੋ ਗਈ।

ਮਨ ਨੂੰ ਸ਼ਾਂਤ ਕਰਨ ਵਾਸਤੇ ਸ਼ਾਮ ਦੇ ਦੀਵਾਨ ਵਿੱਚ ਸਤਿਗੁਰਾਂ ਨੂੰ ਜਾ ਚਰਨ ਬੰਦਨਾ ਕੀਤੀ। ਅਜੇ ਬੈਠਾ ਹੀ ਸਾਂ ਕਿ ਰਾਗੀਆਂ ਸ਼ਬਦ ਸ਼ੁਰੂ ਕੀਤਾ—

"ਕਾਲੇ ਮੈਂਡੇ ਕਪੜੇ, ਕਾਲਾ ਮੈਂਡਾ ਵੇਸ
ਗੁਨਹੀ ਭਰਿਆ ਮੈਂ ਫਿਰਾਂ, ਲੋਕ ਕਹਿਨ ਦਰਵੇਸ।"

ਸ਼ਾਂਤੀ ਤਾਂ ਕੋਈ ਨਹੀਂ ਆਈ, ਪਰ ਇਸ ਸ਼ਬਦ ਨੇ ਮਨ ਨੂੰ ਹੋਰ ਕਈ ਗੁੰਝਲਾਂ ਵਿਚ ਪਾ ਦਿਤਾ, ਜ਼ਰੂਰ ਹੀ ਅਸੀਂ ਬਹੁਤ ਵਡੇ ਗੁਨਾਹੀ ਹਾਂ, ਪਾਪੀ ਹਾਂ।

ਦੀਵਾਨ ਦਾ ਭੋਗ ਪਿਆ। ਨਾਮ ਸਿਮਰਨ (ਨਿਤਨੇਮ) ਸ਼ੁਰੂ ਹੋ ਗਿਆ। ਸਤਿਜੁਗੀ ਨਜ਼ਾਰਾ ਸੀ ਇਸ ਵੇਲੇ। ਨਾ ਕੋਈ ਰੌਲਾ ਨਾ ਕੋਈ ਬੋਲਣ ਦੀ ਆਵਾਜ਼। ਨਾ ਕਿਸੇ ਬੰਦੇ ਦਾ ਜੀਅ ਘਬਰਾਇਆ, ਨਾ ਕੋਈ ਹਿਲ ਜੁਲ। ਇਸਤਰਾਂ ਪਰਤੀਤ ਹੁੰਦਾ ਸੀ ਕਿ ਮਾਤ ਲੋਕ ਵਿਚ ਦੇਵਤਿਆਂ ਦਾ ਵਾਸਾ ਹੈ ਹਰ ਕੋਈ ਦੇਵਤਾ ਦਿਖਾਈ ਦਿੰਦਾ ਸੀ। ਨਿਤਨੇਮ ਦਾ ਭੋਗ ਪਿਆ। ਦੇਵ ਲੋਕ, ਮਾਤ ਲੋਕ ਵਿਚ ਵੱਟ ਗਿਆ। ਮਨ ਫੇਰ ਉਸੇ ਜੰਜਾਲ ਵਿਚ ਪੈ ਗਿਆ। ਘਰ ਵਾਲੀ ਨਾਲ ਸਲਾਹ ਕਰਕੇ, ਬਚਿਆਂ ਨੂੰ ਮੇਲੇ ਵਿਚ ਹੀ ਛੱਡ, ਆਪ ਪਿੰਡ ਚਲੇ ਗਏ।

ਮਨ ਸ਼ਾਂਤ ਕਰਨ ਵਾਸਤੇ ਫਿਰ ਭਜਨ ਕਰਨਾ ਸ਼ੁਰੂ ਕਰ ਦਿਤਾ। ਸੋਚ ਇਹੋ ਰਹਿ ਗਈ ਪੁਸਦੀ ਕਿ ਇਹ ਇਮਤਿਹਾਨ ਕਦੋਂ ਮੁਕੇ ਗਾ। ਕਦੋਂ ਸਤਿਗੁਰੂ ਜੀ ਇਸ ਘਰ ਨੂੰ ਪਵਿਤਰ ਕਰਨ ਗੇ। ਕਦੋਂ ਇਸ ਮਨ ਨੂੰ ਸ਼ਾਂਤੀ ਮਿਲੂ ਗੀ। ਇਹੋ ਜਹੀ ਅਵਸਥਾ ਵਿਚ ਨੀਂਦਰ ਦੀ ਪਤਾ ਨਹੀਂ ਕਿਧਰ ਚਲੀ ਜਾਂਦੀ ਹੈ। ਵਿਚਾਰਾਂ ਵਿਚ ਮਗਨ ਘਰ ਬੈਠੇ ਸਾਂ, ਪਰ ਹਿਰਦਾ ਅਟੱਲ ਪਰਤਾਪੀ, ਪ੍ਰੀਤਮ ਪਿਆਰੇ, ਸੱਚੇ ਪਾਤਸ਼ਾਹ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਚਰਨਾਂ ਵਿਚ ਸੀ, ਤੇ ਭਾਈ ਗੁਰਦਾਸ ਜੀ ਦੇ ਇਨ੍ਹਾਂ ਸ਼ਬਦਾਂ ਨੂੰ ਵੀ ਵਿਚਾਰਦਾ ਸਾਂ;

ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ,
ਸਤਿਗੁਰ ਕੋਟ ਪੈਂਡਾ ਆਗੇ ਹੋਇ ਲੇਤ ਹੈ।

ਰਾਤ ਦੇ ਤਿੰਨ ਪਹਿਰ ਬੀਤ ਚੁਕੇ ਸਨ, ਨੀਂਦਰ ਨਹੀਂ ਸੀ ਪੈ ਰਹੀ। ਮਨ ਉਕਾਹੀ ਹੋ ਰਿਹਾ ਸੀ ਕਿ ਸਤਿਗੁਰੂ ਜੀ ਜ਼ਰੂਰ ਬਰ ਜ਼ਰੂਰ ਆਉਣ ਗੇ, ਪਰ ਉਸ ਪਲ ਉਹਨਾਂ ਦਾ ਬਚਨ—"ਵਕਤ ਨਹੀਂ ਹਜ਼ਾਰਾ ਸਿੰਘਾ" ਮਨ ਵਿਚ ਘੁਮ ਰਿਹਾ ਸੀ। ਘੜੀ ਨੇ ਚਾਰ ਵਜਾਇ। ਜੰਗਲ ਪਾਣੀ ਜਾ ਕੇ ਇਸ਼ਨਾਨ ਕੀਤਾ। ਸ਼ੁਰੂ ਪਾਠ ਪੂਜਾ ਕਰਨ ਹੀ ਲਗਾ ਸਾਂ ਕਿ ਦਰਵਾਜ਼ਾ ਖੜਕਿਆ। ਤੇ ਆਵਾਜ਼ ਵੀ ਆਈ।

"ਸੰਤ ਹਜ਼ਾਰਾ ਸਿੰਘ ਜੀ।" ਆਵਾਜ਼ ਕੋਈ ਓਪਰੀ ਜਹੀ ਲਗੀ। ਜਾਪਦੀ ਕਿਸੇ ਗੁਰਸਿਖ ਦੀ ਸੀ।

ਦਰਵਾਜਾ ਖੋਲਿਆ। ਗੁਰਸਿਖ ਨੇ ਗੁਰ ਫਤਿਹ ਬੁਲਾਈ। ਬੈਠਾਇਆ। ਜਲ ਆਦਿ ਦੀ ਸੇਵਾ ਪੁਛੀ। "ਸਤਿਗੁਰੂ ਸਚੇ ਪਾਤਸ਼ਾਹ ਤੁਹਾਡੇ ਤੇ ਬਹੁਤ ਹੀ ਪਰਸੰਨ ਹਨ। ਥੋੜੀ ਦੇਰ ਤਕ ਤੁਹਾਡੇ ਘਰ ਚਰਨ ਪਾਉਣ ਆਉਣਗੇ। ਤੁਸੀਂ ਵਡੇ ਭਾਗਾਂ ਵਾਲੇ ਹੋ।" ਗੁਰਸਿਖ ਨੇ ਇਹ ਸ਼ਬਦ ਸੁਣਾ ਕੇ ਮੇਰੇ ਮਨ ਵਿਚ ਖੁਸ਼ੀ ਦੀ ਇਕ ਲਹਿਰ ਪੈਦਾ ਕਰ ਦਿਤੀ। ਮਨ ਟਿਕਾਣੇ ਆਇਆ। ਇਸ ਤਰਾਂ ਲਗਾ ਕਿ ਕੋਈ ਬੇ ਮੁਲੇ ਖਜ਼ਾਨੇ ਮਿਲਨ ਦੀ ਕਨਸੋ ਲਗੀ ਹੋਵੇ। ਪੈਰ ਧਰਤੀ ਤੇ ਨਹੀਂ ਸਨ ਟਿਕਦੇ।

ਗੁਰਸਿਖ ਇਹ ਸੰਦੇਸ਼ਾ ਦੇ ਕੇ ਵਾਪਸ ਚਲਾ ਗਿਆ। ਅਸੀਂ ਸਤਿਗੁਰਾਂ ਦੇ ਸੁਆਗਤ ਦੀ ਤਿਆਰੀ ਵਿਚ ਜੁੱਟ ਗਏ। ਸਤਿਗੁਰਾਂ ਦੇ ਆਸਣ ਵਾਸਤੇ ਨਵਾਂ ਬਿਸਤਰਾ ਕਢਿਆ। ਹੋਰ ਕਈ ਲੋੜੀਂਦੀਆਂ ਵਸਤੂਆਂ ਲਿਆਂਦੀਆਂ। ਮੰਜਾ ਕੋਠੇ ਉਤੇ ਚੁਬਾਰੇ ਵਿਚ ਸੀ, ਉਸਦੇ ਉਤਾਰਨੇ ਵਾਸਤੇ ਵਿਚੇ ਇਕ ਜੰਗਲਾ (ਵਡਾ ਮੋਰਾ) ਸੀ ਜਿਸ ਨੂੰ ਵਿਚੋਂ ਕੱਢ ਕੇ ਮੰਜਾ ਥਲੇ ਉਤਾਰਿਆ। ਬਹੁਤੀ ਖੁਸ਼ੀ ਦੇ ਕਾਰਨ ਤੇ ਦੂਜਾ ਵਕਤ ਦੀ ਤੰਗੀ ਦੇ ਕਾਰਨ, ਜੰਗਲਾ ਬੰਦ ਕਰਨਾ ਭੁੱਲ ਗਏ। ਕਈ ਚੀਜ਼ਾਂ ਥੱਲੇ ਉਤਾਰਨੀਆਂ ਸਨ ਤਾ ਕਿ ਸਾਧ ਸੰਗਤ ਨੂੰ ਉਤੇ ਚੜ੍ਹਨ ਦੀ ਖੇਚਲ ਨ ਹੋਵੇ। ਇਸੇ ਕਾਹਲੀ ਤੇ ਨਠੋ ਭਜੀ ਵਿੱਚ ਮੇਰੀ ਸ੍ਰੀ ਮਤੀ ਜੀ ਕੁਝ ਲੈਕੇ ਥਲੇ ਆਉਣ ਲਗੀ ਜੰਗਲੇ ਦਾ ਖਿਆਲ ਭੁਲਾ ਅਗੇ ਵਧੀ, ਓਸ ਵੇਲੇ ਹੀ ਪਤਾ ਲਗਾ ਜਦੋਂ ਕਿ ਧੜੰਮ ਕਰਦੀ ਥਲੇ ਆ ਡਿਗੀ।

ਹੋਸ਼ ਗੁੰਮ ਹੋ ਗਏ। ਕੋਈ ਤੀਸਰਾ ਸਾਡੇ ਪਾਸ ਹੈ ਨਹੀਂ ਸੀ, ਥਰੇ ਮੋਲੇ ਤੇ (ਮੂੰਹ ਦੇ) ਹੀ ਭੌਰ ਆਦਿ ਸੀ। ਸੱਟ ਕਾਫੀ ਲਗੀ ਸੀ। ਕੀ ਕੁਝ ਤੇ ਕੀ ਕੀਤਾ ਜਾਵੇ ਇਹ ਸੋਚ ਰਿਹਾ ਸਾਂ। ਸੋਚ ਵਿਚਾਰਕੇ ਸ੍ਰੀ ਮਤੀ ਜੀ ਨੂੰ ਚੁਬਾਰੇ ਵਿੱਚ ਲਿਜਾਕੇ ਲਿਟਾ ਦਿਤਾ ਤੇ ਆਪ ਬਾਕੀ ਦੀ ਸਾਫ ਸਫਾਈ ਕੀਤੀ।

'ਸ੍ਰੀ ਭੈਣੀ ਸਾਹਿਬ ਵਾਲੇ ਤੁਹਾਡੇ ਗੁਰੂ ਸਾਹਿਬ ਆ ਰਹੇ ਹਨ।' ਇਕ ਮੇਰੇ ਪਿੰਡ ਦੇ ਬੰਦੇ ਨੇ ਦਸਿਆ। ਦਿਨ ਚੜ੍ਹ ਚੁਕਾ ਸੀ। ਹੋਰ ਕਈ ਸਿੰਘ ਸੁਣ ਸੁਣਾ ਕੇ ਸਾਡੇ ਘਰ ਪੁਜੇ। ਸੰਤ ਰਤਨ ਸਿੰਘ ਜੀ ਭਾਈ ਜੀ ਤੇ ਹੋਰ ਕਈ ਗੁਰਮੁਖ ਸਤਿਗੁਰਾਂ ਦੇ ਨਾਲ ਸਨ। ਸਤਿਗੁਰਾਂ ਆਉਂਦਿਆਂ ਕਿਹਾ—"ਹਜ਼ਾਰਾ ਸਿੰਘਾ, ਤੂੰ ਬਹੁਤ ਤੰਗ ਕੀਤਾ ਏ।" ਮੈਂ ਚੁਪ ਸਾਂ। ਚਰਨ ਬੰਦਨਾ ਕੀਤੀ।

ਸਤਿਗੁਰਾਂ ਇਧਰ ਓਧਰ ਵੇਖਦੇ ਪੁਛਿਆ— "ਬੀਬੀ ਵਿਖਾਈ ਨਹੀਂ ਦਿਤੀ, ਹਜ਼ਾਰਾ ਸਿਆਂ।" ਜਾਣੀ ਜਾਣ ਤੋਂ ਕੀ ਛੁਪਿਆ ਰਹਿ ਸਕਦਾ ਹੈ।

"ਕੋਠੇ ਤੇ ਹੈ ਸਚੇ ਪਾਤਸ਼ਾਹ ਜੀ, ਥੋੜੀ ਜਹੀ ਸੱਟ ਵਜੀ ਏ।"

"ਚੱਲੋ ਤਾਂ ਫਿਰ ਕੋਠੇ ਤੇ ਚਲੀਏ," ਸਤਿਗੁਰਾਂ ਕਿਹਾ।

ਸ੍ਰੀ ਮਤੀ ਨੂੰ ਫੜ ਕੇ ਚਰਨ ਬੰਦਨਾ ਕਰਾਈ। ਸਾਰੀ ਵਿਥਿਆ ਸਤਿਗੁਰਾਂ ਅਗੇ ਕਹਿ ਸੁਣਾਈ। "ਰਤਨ ਸਿਆਂ, ਬੀਬੀ ਵਾਸਤੇ ਕੋਈ ਦੁਆਈ ਦੇ।" ਸਤਿਗੁਰਾਂ ਮੇਰੀ ਘਰ ਵਾਲੀ ਨੂੰ ਕਿਹਾ— "ਭਜਨ ਕਰਿਆ ਕਰ, ਬੀਬੀ, ਸਤਿਗੁਰ ਭਲਾ ਕਰਨਗੇ। ਅਰਦਾਸ ਕਰਿਆ ਕਰੋ ਕਿ ਸਾਨੂੰ ਆਪਣੇ ਬਣਾਈ ਰਖੇ, ਕਸ਼ਟ ਦੂਰ ਕਰੇ। ਜਲਦੀ ਅਰਾਮ ਆ ਜਾਵੇ ਗਾ, ਕੋਈ ਫਿਕਰ ਵਾਲੀ ਗਲ ਨਹੀਂ।" ਸਤਿਗੁਰੂ ਜੀ ਨੇ ਮੈਨੂੰ ਸੰਬੋਧਨ ਕਰਕੇ ਕਿਹਾ। ਭਾਈ ਵਜ਼ੀਰ ਸਿੰਘ ਜੀ ਨੇ ਮੈਨੂੰ ਦਸਿਆ ਕਿ ਅਜ ਸਤਿਗੁਰੂ ਬਹੁਤ ਹੀ ਕਾਹਲੇ ਸਨ ਇਥੇ ਆਉਣ ਵਾਸਤੇ। ਹੁਣ ਤਾਂ ਤੁਹਾਡੇ ਕਸ਼ਟ ਕਟਣ ਹੀ ਆਏ ਹਨ, ਪਰੋਗ੍ਰਾਮ ਤੇ ਹੋਰ ਕਿਤੇ ਜਾਣ ਦਾ ਸੀ। ਤੁਸੀਂ ਵਡੇ ਭਾਗਾਂ ਵਾਲੇ ਹੋ, ਤੁਹਾਡੇ ਹੁਣ ਸਾਰੇ ਹੀ ਦੁਖ ਕਟੇ ਗਏ।" ਸਤਿਗੁਰੂ ਜੀ ਸਾਨੂੰ ਤਾਰਦੇ ਹੋਏ ਦੂਜੇ ਨਗਰ ਹੋਰ ਪਿਆਸੇ ਦਿਲਾਂ ਦੀ ਪਿਆਸ ਬੁਝਾਉਣ ਚਲੇ ਗਏ। ਮੇਰੀ ਸ੍ਰੀ ਮਤੀ ਨੂੰ ਥੋੜੇ ਦਿਨਾਂ ਵਿਚ ਹੀ ਅਰਾਮ ਆ ਗਿਆ। ਐਸ ਤਰਾਂ ਪਰਤੀਤ ਹੋਇਆ ਜਿਵੇਂ ਕੋਈ ਜਾਦੂ ਚਲ ਗਿਆ ਹੋਵੇ। ਪਿੰਡ ਦੇ ਲੋਕੀਂ ਹੈਰਾਨ ਸਨ ਤੇ ਸਾਰੇ ਕਹਿ ਰਹੇ ਸਨ ਕਿ ਧਨ ਹਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਘਟ ਘਟ ਦੀ ਜਾਨਣ ਵਾਲੇ। ਕੋਈ ਕੁਝ ਕਹਿ ਰਿਹਾ ਸੀ ਤੇ ਕੋਈ ਕਝ ਤੇ ਮੇਰਾ ਦਿਲ ਕਹਿ ਰਿਹਾ ਸੀ:-

"ਮੇਰਾ ਵੈਦ ਗੁਰੂ ਗੋਵਿੰਦਾ"

ਸ. ਹਜ਼ਾਰਾ ਸਿੰਘ ਦੀ ਜ਼ਬਾਨੀ ਇਹ ਕਥਾ ਸੁਣ ਕੇ ਸਾਡੇ ਹਿਰਦੇ ਚੋਂ ਆਪ ਮੁਹਾਰੇ ਨਿਕਲਿਆ 'ਧੰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ।'

Sri Satguru Jagjit Singh Ji Elibrary NamdhariElibrary@gmail.com

ਸਭ ਤੋਂ ਵਡੀ ਉਧਾਰਤਾ ਤਾਂ ਇਹ ਹੈ ਕਿ ਆਪ
ਅਪਣੇ ਪਿੱਛੋਂ ਸਾਡੇ ਤੇ ਕਿਰਪਾ ਕਰਨ ਵਾਸਤੇ ਅਥਵਾ ਸਿਖੀ ਦੀ ਰਾਹਨੁਮਾਈ
ਕਰਨੇ ਵਾਸਤੇ ਆਪਣੇ ਵਡੇ ਸਾਹਿਬਜ਼ਾਦੇ

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਨੂੰ ਨੀਯਤ ਕਰ ਗਏ ਹਨ

ਮਾਸਟਰ ਅਜੀਤ ਸਿੰਘ ਜੀ ਚੀਮਾਂ
ਦੀ ਕਵਿਤਾ ਅਨੁਸਾਰ
ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ
ਦਾ ਸੰਦੇਸ਼

ਚੀਨੀ ਵਾਲੇ ਨੂੰ ਰਖਣਾ ਯਾਦ ਹਰਦਮ
ਉਹਦੀ ਯਾਦ ਨ ਦਿਲੋਂ ਭੁਲਾ ਦੇਣਾ
ਲੋੜ ਦੇਸ਼ ਨੂੰ ਪਵੇ ਮਸਤਾਨਿਓਂ ਜੇ
ਸੀਸ ਕੌਮ ਦੇ ਭੇਟ ਚੜ੍ਹਾ ਦੇਣਾ
ਏਸ ਦੇਹ ਨੇ ਤੁਸਾਂ ਨੂੰ ਲਭਣਾ ਨਹੀਂ
ਤੜਪ ਤੜਪ ਨ ਜਾਨ ਗੁਆ ਲੈਣਾ
ਜਿਨੂੰ ਮੇਰੇ ਦੀਦਾਰ ਦੀ ਲੋੜ ਹੋਵੇ
ਚੀਮੇ ਦਰਸ ਜਗਜੀਤ ਦਾ ਪਾ ਲੈਣਾ

# ੴ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ



## ਸਤਿਗੁਰ

ਮੂਰਤਿ ਕਉ ਬਲਿ ਜਾਉ ।

ਅੰਤਰਿ ਪਿਆਸ ਚਾਤ੍ਰਿਕ
ਜਿਉ ਜਲ ਕੀ
ਸਫਲ ਦਰਸਨੁ
ਕਦਿ ਪਾਂਉ ॥ ਰਹਾਉ ॥

ਅਨਾਥਾ ਕੋ ਨਾਥੁ
ਸਰਬ ਪ੍ਰਤਿਪਾਲਕੁ
ਭਗਤਿ ਵਛਲ
ਹਰਿ ਨਾਉ ॥

ਜਾ ਕਉ ਕੋਇ ਨ
ਰਾਖੈ ਪ੍ਰਾਣੀ
ਤਿਸੁ ਤੂ
ਦੇਹਿ ਅਸਰਾਉ ॥

His Holiness Sri Satguru Jagjit Singh ji

ਗਲਤੀਆਂ ਦੀ ਖਿਮਾ ਦਾ ਜਾਚਕ
ਸੰਤੋਖ ਸਿੰਘ ਨਾਮਧਾਰੀ

Sri Satguru Jagjit Singh Ji Elibrary NamdhariElibrary@gmail.com